


Hansti Duniya (Punjabi)
▪ Vol. 43 ▪ No. 4
▪ April 2019

# ਹੰਸਤੀ ਦੁਨੀਆ


ਹੰਸਤੀ ਦੁਨੀਆ

• Vol.43 • ਅੰਕ : 04 • ਅਪ੍ਰੈਲ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ

## ਮਹੱਤਵ ਅਪ੍ਰੈਲ ਮਹੀਨੇ ਦਾ










## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46






















## ਕਹਾਣੀਆਂ


ਫੁੱਲ ਬੋਲਿਆ
– ਦਰਸ਼ਨ ਸਿੰਘ ਆਸ਼ਟ 06
ਛੋਟਾ ਬੱਦਲ ਬਰਸ ਗਿਆ
– ਓਮ ਪ੍ਰਕਾਸ਼ 12
ਸੰਤ-ਮਹਾਤਮਾ ਦੀ ਗੱਲ
– ਕਮਲ ਸੋਗਾਨੀ 24
ਘੜੀ ਦੀ ਜਨਮਕਥਾ
– ਰਾਧੇਲਾਲ ਨਵਚੱਕਰ 28
ਆਪਣੀ ਕਮਾਈ
– ਰਾਮਫਲ ਨਿਰੰਕਾਰੀ 34
ਸੰਗਤ ਦਾ ਪ੍ਰਭਾਵ
– ਪਰਸ਼ੂਰਾਮ 40


## ਵਿਸ਼ੇਸ਼ ਲੇਖ


ਪਲਾਸਟਿਕ ਦੀ ਖੋਜ
– ਡਾ.ਗੁਰਦੇਵ ਸਿੰਘ 15
ਯਾਦਾਸ਼ਤ ਦਾ ਅਜੂਬਾ ਕੇਂਦਰ
– ਡਾ.ਅਸ਼ੋਕ ਭਾਰਦਵਾਜ 26
ਵਿਚਿੱਤਰ ਪੰਛੀ ਪੇਂਗੁਇਨ
– ਦੀਪਾਂਸ਼ੂ ਜੈਨ 32
ਗਲਿਹਰੀ
– ਕੈਲਾਸ਼ ਜੈਨ 39
ਅਜਬ-ਗਜਬ ਝਰਨੇ
– ਕਿਰਣ ਬਾਲਾ 44


## ਗੀਤ-ਕਵਿਤਾਵਾਂ


ਆਈ ਵਿਸਾਖੀ
– ਦਰਸ਼ਨ ਸਿੰਘ ਕੰਡਾ 5
ਗਰਮੀ ਆਈ
– ਅਕਸ਼ਦੀਪ ਸਿੰਘ 11
ਸੁੰਦਰ ਲਿਖਾਈ
– ਤੀਰਥ ਸਿੰਘ ਦਰਦ 18
ਭੇਜ ਦੇ ਸਕੂਲ ਅੰਮੀਏ
– ਮਦਨ ਰਾਣਾ 36
ਮਿੱਠੇ-ਮਿੱਠੇ ਬੋਲ
– ਅਵਤਾਰ ਚਮਨ 43

ਸਭ ਤੋਂ ਪਹਿਲਾਂ

# ਮਹੱਤਵ
## ਅਪ੍ਰੈਲ ਮਹੀਨੇ ਦਾ



ਸਕੂਲ ਵਿਚ ਅਜ ਚਾਰੇ ਪਾਸੇ ਖੁਸ਼ੀ ਦਾ ਮਾਹੌਲ ਸੀ। ਸਕੂਲ ਦੀ ਸੁਹਣੀ ਵਰਦੀ ਪਾਈ ਬੱਚੇ ਆਪੋ ਵਿਚ ਹੱਸਦੇ-ਖੇਡਦੇ ਬਹੁਤ ਹੀ ਚੰਗੇ ਲਗ ਰਹੇ ਸਨ। ਉਹ ਇਕ ਦੂਜੇ ਨੂੰ ਆਪਣੇ ਪਾਸ ਹੋਣ ਦੀਆਂ ਵਧਾਈਆਂ ਵੀ ਦੇ ਰਹੇ ਸਨ ਅਤੇ ਨਵੀਂ ਕਲਾਸ ਅਤੇ ਨਵੇਂ ਅਧਿਆਪਕਾਂ ਬਾਰੇ ਵੀ ਗੱਲਾਂ ਕਰ ਰਹੇ ਸਨ। ਸੋਨੂੰ ਮੋਨੂੰ ਨੂੰ ਕਹਿਣ ਲੱਗਾ – ਦੇਖਦੇ ਹਾਂ, ਹੁਣ ਨਵੀਂ ਕਲਾਸ ਵਿਚ ਕਿਹੜੇ ਅਧਿਆਪਕ ਸਾਨੂੰ ਪੜਾਉਣਗੇ। ਪਤਾ ਨਹੀਂ ਕਿੰਨੇ ਸਖਤ ਹੋਣਗੇ ! ਮੋਨੂੰ ਨੇ ਹੱਸ ਕੇ ਜਵਾਬ ਦਿੱਤਾ- ਦੋਸਤ, ਅਸੀਂ ਜੇਕਰ ਅਨੁਸ਼ਾਸ਼ਨ ਵਿਚ ਰਹਾਂਗੇ, ਚੰਗੀ ਤਰ੍ਹਾਂ ਪੜਾਈ ਕਰਾਂਗੇ ਤਾਂ ਸਾਡੇ ਲਈ ਹਰੇਕ ਅਧਿਆਪਕ ਚੰਗਾ ਹੀ ਹੋਵੇਗਾ। ਘਬਰਾਉਣ ਦੀ ਕੋਈ ਲੋੜ ਨਹੀਂ।

ਐਨੇ ਵਿਚ ਘੰਟੀ ਵਜ ਗਈ। ਸਾਰੇ ਬੱਚੇ ਆਪਣੀਆਂ ਨਵੀਆਂ ਕਲਾਸਾਂ ਵਿਚ ਜਾ ਕੇ ਬੈਠ ਗਏ। ਅਧਿਆਪਕ ਵੀ ਅਪਣੀਆਂ-ਅਪਣੀਆਂ ਕਲਾਸਾਂ ਵਿਚ ਪਹੁੰਚ ਗਏ। ਸੋਨੂੰ-ਮੋਨੂੰ ਦੀ ਕਲਾਸ ਵਿਚ ਵੀ ਨਵੇਂ ਅਧਿਆਪਕ ਜੀ ਪਹੁੰਚੇ ਅਤੇ ਸਾਰੇ ਬਚਿਆਂ ਨੂੰ ਪਾਸ ਹੋਣ ਦੀ ਵਧਾਈ ਦਿੱਤੀ, ਫਿਰ ਅਚਾਨਕ ਬੋਲੇ-ਬਚਿਓ! ਅਪ੍ਰੈਲ ਦਾ ਮਹੀਨਾ ਹੈ, ਤੁਸੀਂ ਇਸਦੇ ਮਹੱਤਵ ਨੂੰ ਜਾਣਦੇ ਹੋ? ਅਚਾਨਕ ਹਰਮਨ ਨਾਂ ਦਾ ਬੱਚਾ ਖੜਾ ਹੋ ਕੇ ਕਹਿਣ ਲੱਗਾ- ਹਾਂ, ਮਾਸਟਰ ਜੀ, ਇਹ ਤਾਂ ਸਾਡੇ ਲਈ ਬਹੁਤ ਮਹੱਤਵਪੂਰਣ ਮਹੀਨਾ ਹੁੰਦਾ ਹੈ ਕਿਉਂਕਿ ਇਸ ਮਹੀਨੇ ਅਸੀਂ ਨਵੀਆਂ ਕਲਾਸਾਂ ਵਿਚ ਪਹੁੰਚ ਜਾਂਦੇ ਹਾਂ। ਸੁਣ ਕੇ ਸਾਰੇ ਬੱਚੇ ਹੀ ਹੱਸਣ ਲੱਗੇ। ਅਧਿਆਪਕ ਬੋਲੇ- ਹਾਂ ਬਿਲਕੁਲ ਠੀਕ। ਇਹ ਤਾਂ ਹੈ ਹੀ, ਹੋਰ ਕੋਈ ਮਹੱਤਵ? ਹਾਂ ਸਰ ਜੀ- ਮੋਨੂੰ ਬੋਲਿਆ। ਅਪ੍ਰੈਲ ਮਹੀਨੇ ਵਿਚ ਹੀ ਆਪਸੀ ਪ੍ਰੇਮ ਅਤੇ ਖੁਸ਼ੀਆਂ ਦਾ ਤਿਓਹਾਰ ਵਿਸਾਖੀ ਆਉਂਦਾ ਹੈ, ਇਹ ਤਿਓਹਾਰ ਖਾਸ ਕਰ ਕਿਸਾਨਾਂ ਲਈ ਖੁਸ਼ੀਆਂ ਲੈ ਕੇ ਆਉਂਦਾ ਹੈ, ਫਸਲਾਂ ਪਕ ਜਾਂਦੀਆਂ ਹਨ, ਉਨ੍ਹਾਂ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ। ਇਸ ਖੁਸ਼ੀ ਨੂੰ ਪ੍ਰਗਟਾਉਣ ਲਈ ਲੋਕ ਨਚਦੇ-ਗਾਂਦੇ ਹਨ, ਭੰਗੜੇ ਪਾਂਦੇ ਹਨ।

ਬਹੁਤ ਅੱਛਾ ਮੋਨੂੰ, ਸਚਮੁਚ ਤੂੰ ਬਹੁਤ ਮਹੱਤਵਪੂਰਣ ਪਹਿਲੂ ਦਾ ਜਿਕਰ ਕੀਤਾ ਹੈ। ਪਰ ਬਚਿਓ! ਅਪ੍ਰੈਲ ਦਾ ਮਹੀਨਾ ਸੰਪੂਰਣ ਮਾਨਵਤਾ ਲਈ ਹੀ ਖਾਸ ਮਹੱਤਵ ਦਾ ਮਹੀਨਾ ਹੈ। ਇਸ ਮਹੀਨੇ ਦੀ 24 ਤਰੀਕ ਨੂੰ ਯੁਗਪ੍ਰਵਰਤਕ ਸਤਿਗੁਰੂ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਦਾ ਬਲੀਦਾਨ ਹੋਇਆ ਸੀ। ਸਤਿਗੁਰੂ ਬਾਬਾ ਗੁਰਬਚਨ ਸਿੰਘ ਜੀ ਨੇ 1963 ਤੋਂ ਲੈ ਕੇ 1980 ਤਕ ਸੰਤ ਨਿਰੰਕਾਰੀ ਮਿਸ਼ਨ ਦੀ ਅਗਵਾਈ ਕੀਤੀ ਅਤੇ ਸੰਸਾਰ ਭਰ ਵਿਚ ਵਸਦੇ ਇਨਸਾਨਾਂ ਨੂੰ ਪ੍ਰੀਤ, ਪਿਆਰ, ਨਿਮਰਤਾ, ਮਿਲਵਰਤਨ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਬ੍ਰਹਮਗਿਆਨ ਰਾਹੀ ਇਨਸਾਨਾਂ ਨੂੰ ਇਨਸਾਨਾਂ ਦੇ ਨੇੜੇ ਲਿਆਉਣ ਦਾ ਜਤਨ ਕੀਤਾ ਤਾਂਕਿ ਸੰਸਾਰ ਵਿਚ ਅਮਨ, ਚੈਨ ਅਤੇ ਮਾਨਵਤਾ ਸਥਾਪਿਤ ਹੋਵੇ। ਇਨ੍ਹਾਂ ਜਤਨਾਂ ਦੀ ਸਫਲਤਾ ਲਈ ਹੀ ਉਨ੍ਹਾਂ ਆਪਣੇ ਜੀਵਨ ਦੀ ਕੁਰਬਾਨੀ ਵੀ ਦੇ ਦਿੱਤੀ।।

ਸਾਰੇ ਬੱਚੇ ਬੜੇ ਧਿਆਨ ਨਾਲ ਇਹ ਸਭ ਕੁਝ ਸੁਣ ਰਹੇ ਸਨ। ਬਾਬਾ ਗੁਰਬਚਨ ਸਿੰਘ ਜੀ ਦੀ ਸਿਖਿਆ ਬਾਰੇ ਸੁਣ ਕੇ ਸਾਰਿਆਂ ਦੇ ਸਿਰ ਝੁਕ ਗਏ ਸਨ।

ਸੁਲੇਖ 'ਸਾਥੀ'
ssathi_2007@yahoo.com

ਕਵਿਤਾ : ਦਰਸ਼ਨ ਸਿੰਘ ਕੰਡਾ

# ਆਈ ਵਿਸਾਖੀ


ਆਈ ਵਿਸਾਖੀ ਆਈ ਵਿਸਾਖੀ।
ਮੁੱਕ ਗਈ ਫਸਲਾਂ ਦੀ ਰਾਖੀ।
ਮੇਲਾ ਵੇਖਣ ਜਾਵਾਂਗੇ।
ਗਰਮ ਜਲੇਬੀਆਂ ਖਾਵਾਂਗੇ।

ਸੁਹਣੇ ਸੁਹਣੇ ਕਪੜੇ ਪਾ ਕੇ।
ਪੱਗ ਆਪਣੀ ਨੂੰ ਮਾਵਾ ਲਾ ਕੇ।
ਝੂਮ ਕੇ ਨੱਚਾਂ ਗਾਵਾਂਗੇ।
ਭੰਗੜੇ ਵਾਧੂ ਪਾਵਾਂਗੇ।

ਖੇਡਾਂ ਵੀ ਤੇ ਹੋਣਗੀਆਂ।
ਖੂਬ ਧਮਾਲਾਂ ਪਾਉਣਗੀਆਂ।
ਬਲਦ ਵੀ ਦੌੜਾਂ ਲਾਵਣਗੇ।
ਕੁੱਕੜ ਵੀ ਚੁੰਝ ਭਿੜਾਵਣਗੇ।

ਸਰਕਸ ਵੀ ਤੇ ਆਏਗੀ।
ਸਭ ਦਾ ਦਿਲ ਬਹਿਲਾਏਗੀ।
ਜੌਕਰ ਖ਼ੂਬ ਹਸਾਏਗਾ।
ਕਰਤਬ ਬੜੇ ਦਿਖਾਏਗਾ।

ਰੱਬਾ ਮੇਲੇ ਲਗਦੇ ਰਹਿਣ।
ਸਭ ਦੇ ਚੁੱਲ੍ਹੇ ਮਘਦੇ ਰਹਿਣ।
ਸ਼ਾਲਾ ਜੀਵੇ ਦੇਸ਼ ਮੇਰਾ।
ਕਰੇ ਤਰੱਕੀਆਂ ਦੇਸ਼ ਮੇਰਾ।



ਬਾਲ ਕਹਾਣੀ ◆ ਦਰਸ਼ਨ ਸਿੰਘ ਆਸ਼ਟ



# ਫੁੱਲ ਬੋਲਿਆ

ਸੋਹਣ ਦਾ ਪੜ੍ਹਾਈ ਵਿਚ ਬਿਲਕੁਲ ਮਨ ਨਹੀਂ ਲੱਗਦਾ ਸੀ। ਛੁੱਟੀਆਂ ਦਾ ਤਾਂ ਉਹ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦਾ। ਕਦੇ ਮਾਮੀ ਦੇ ਘਰ ਤੇ ਕਦੇ ਨਾਨਕੇ। ਹੋਰ ਨਹੀਂ ਤਾਂ ਚਾਚਾ ਜੀ ਦੇ ਘਰ ਚਲਾ ਜਾਂਦਾ ਜਿੱਥੇ ਉਹ ਆਪਣੇ ਚਚੇਰੇ ਭਰਾ ਰਾਹੁਲ ਨਾਲ ਘੰਟਿਆਂ ਬੱਧੀ ਕਾਰਟੂਨ ਵੇਖਦਾ ਰਹਿੰਦਾ। ਪਿਛਲੀ ਵਾਰ ਜਦੋਂ ਉਸ ਦੀ ਪੰਜਵੀ ਜਮਾਤ ਦਾ ਨਤੀਜਾ ਆਇਆ ਸੀ ਤਾਂ ਮੁਸ਼ਕਿਲ ਨਾਲ ਪਾਸ ਹੋਣ ਜੋਗੇ ਨੰਬਰ ਆਏ ਸਨ। ਮੰਮੀ ਪਾਪਾ ਉਸ ਦੀ ਟਿਊਸ਼ਨ ਲਗਾਉਣ ਦੀ ਗੱਲ ਕਰਦੇ ਤਾਂ ਉਹ ਆਨਾਕਾਨੀ ਕਰਨ ਲਗਦਾ। ਉਹ ਸੋਚਦਾ ਸੀ ਕਿ ਟਿਊਸ਼ਨ ਦੋ ਘੰਟਿਆਂ ਦੀ ਗੁਲਾਮੀ ਹੈ। ਅਧਿਆਪਕ ਜੀ ਉਸ ਦੀ ਪੜ੍ਹਾਈ ਵਿਚ ਦਿਲਚਸਪੀ ਨਾ ਵੇਖ ਕੇ ਪੁੱਛਦੇ, ''ਤੇਰਾ ਇਹੀ ਹਾਲ ਰਿਹਾ ਤਾਂ ਬੀ.ਏ ਤੱਕ ਕਿਵੇਂ ਪਹੁੰਚੇਗਾ?''

ਕਈ ਵਾਰ ਸੋਹਣ ਆਪਣੇ ਮਿੱਤਰ ਮੋਹਣ ਬਾਰੇ ਸੋਚਦਾ ਜਿਹੜਾ ਪੜ੍ਹਾਈ ਵਿਚ ਕਾਫੀ ਤੇਜ਼ ਸੀ। ਉਹ ਉਸਦਾ ਗੁਆਂਢੀ ਵੀ ਸੀ। ਦੋਵੇਂ ਇਕ ਹੀ ਸਕੂਲ ਵਿਚ ਪੜ੍ਹਦੇ ਸਨ ਪਰ ਅਲੱਗ-ਅਲੱਗ ਸੈਕਸ਼ਨ ਵਿਚ। ਉਹਨਾਂ ਦੇ ਸਕੂਲ ਵਿਚ ਇਕ ਬਗੀਚੀ ਸੀ। ਬਗੀਚੀ ਵਿਚ ਗੇਂਦਾ, ਗੁਲਾਬ, ਚੰਪਾ, ਚਮੇਲੀ ਤੇ ਜੂਹੀ ਦੇ ਫੁੱਲਾਂ ਦੀ ਮਹਿਕ ਸਕੂਲ ਦੇ ਵਾਤਾਵਰਣ ਨੂੰ ਮਹਿਕਾ ਕੇ ਰੱਖਦੀ ਸੀ। ਸਕੂਲ ਦਾ ਮਾਲੀ ਸੀ ਸਰਵਣ। ਉਹ ਬਗੀਚੀ ਦਾ ਧਿਆਨ ਰੱਖਦਾ ਸੀ। ਫਿਰ ਵੀ ਕਈ ਵਾਰੀ ਉਸ ਕੋਲੋਂ ਅੱਖ ਬਚਾ ਕੇ ਸੋਹਣ ਫੁੱਲ ਤੋੜ ਕੇ ਆਪਣੀ ਜੇਬ ਵਿਚ ਪਾ ਲੈਂਦਾ। ਅਜਿਹਾ ਕਰਕੇ ਉਹ ਸੋਚਦਾ ਹੁੰਦਾ ਸੀ ਕਿ ਵਿਦਿਆ ਦੀ ਦੇਵੀ ਸਰਸਵਤੀ ਉਸ ਤੇ ਖੁਸ਼ ਹੋਵੇਗੀ ਅਤੇ ਉਸ ਨੂੰ ਵਿਦਿਆ ਦਾ ਦਾਨ ਪ੍ਰਾਪਤ ਹੋਵੇਗਾ। ਉਹ ਇੰਟੈਲਿਜੈਂਟ ਬਣ ਜਾਵੇਗਾ। ਇਕ ਦੋ ਵਾਰ ਫੁੱਲ ਤੋੜਦਿਆਂ ਫੜੇ ਜਾਣ ਤੇ ਉਹ ਮਾਲੀ ਕੋਲੋਂ ਝਿੜਕਾਂ ਵੀ ਖਾ ਚੁੱਕਾ ਸੀ। ਪ੍ਰਿੰਸੀਪਲ ਸਾਹਿਬ ਨੂੰ ਉਸ ਦੀ ਸ਼ਿਕਾਇਤ ਵੀ ਹੋ ਚੁੱਕੀ ਸੀ। ਪਰ ਉਹ ਆਪਣੀ ਆਦਤ ਤੋਂ ਬਾਜ਼ ਨਹੀਂ ਸੀ ਆ ਰਿਹਾ।

ਇਕ ਦਿਨ ਮਾਲੀ ਸਰਵਣ ਛੁੱਟੀ ਤੇ ਸੀ। ਅੱਧੀ ਛੁੱਟੀ ਦਾ ਸਮਾਂ ਸੀ। ਸੋਹਣ ਘੁੰਮਦਾ-ਘੁੰਮਦਾ ਬਗੀਚੀ ਵੱਲ ਆਇਆ। ਗੁਲਾਬ ਦਾ ਟਹਿਕਦਾ ਹੋਇਆ ਇੱਕ ਵੱਡਾ ਫੁੱਲ ਉਸ ਨੂੰ ਵਿਖਾਈ ਦਿੱਤਾ।ਉਸਨੇ ਝੱਟ-ਪਟ ਉਹ ਫੁੱਲ ਤੋੜ ਲਿਆ। ਫੁੱਲ ਆਪਣੀ ਜੇਬ ਵਿਚ ਪਾ ਕੇ ਉਹ ਕਮਰੇ ਵਿਚ ਆਇਆ। ਉਹ ਆਪਣੀਆਂ ਕਾਪੀਆਂ ਕਿਤਾਬਾਂ ਵਿਚ ਪਈਆ ਪੁਰਾਣੀਆਂ ਫੁੱਲ ਪੱਤੀਆਂ ਨੂੰ ਬਾਹਰ ਸੁੱਟ ਕੇ ਉਸਦੀ ਥਾਂ ਤੇ ਨਵੇਂ ਫੁੱਲ ਪੱਤੀਆਂ ਰੱਖ ਰਿਹਾ ਸੀ। ਇੰਨੇ ਨੂੰ ਲਾਈਬ੍ਰੇਰੀ ਵਿਚ ਕੋਈ ਰਸਾਲਾ ਪੜ੍ਹ ਕੇ ਮੋਹਣ ਵੀ ਉਸਦੇ ਕਮਰੇ ਵਿਚ ਆ ਗਿਆ। ਜਦੋਂ ਸੋਹਣ ਨੂੰ ਅਜਿਹਾ ਕਰਦੇ ਦੇਖਿਆ





ਤਾਂ ਪੁੱਛਿਆ, ਇਹ ਕੀ ਕਰ ਰਿਹੈਂ ਸੋਹਣ?''

''ਤੈਨੂੰ ਨਹੀਂ ਪਤਾ?''

''ਨਹੀਂ ਤਾਂ.....।''

''ਜਾਹ ਪਰੇ। ਉਏ ਬੁੱਧੂ, ਇਹ ਵੀ ਨਹੀਂ ਜਾਣਦਾ ਕਿ ਕਿਤਾਬਾਂ ਕਾਪੀਆਂ ਵਿਚ ਫੁੱਲ ਰੱਖਣ ਨਾਲ ਪੜ੍ਹਾਈ ਆਉਂਦੀ ਐ।''

''ਪੜ੍ਹਾਈ ?'' ਇਹ ਸੁਣ ਕੇ ਮੋਹਣ ਹੱਸ ਪਿਆ। ਬੋਲਿਆ, ''ਬੁੱਧੂ ਮੈਂ ਨਹੀਂ, ਤੂੰ ਐਂ। ਕੀ ਅਜਿਹਾ ਕਰਨ ਨਾਲ ਵੀ ਪੜ੍ਹਾਈ ਆਉਂਦੀ ਹੈ। ਪੜ੍ਹਾਈ ਕੇਵਲ ਮਿਹਨਤ ਤੇ ਲਗਨ ਨਾਲ ਹੀ ਆਉਂਦੀ ਹੈ। ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਸਾਡੀ ਜਮਾਤ ਦੇ ਸਾਰੇ ਕਮਜ਼ੋਰ ਵਿਦਿਆਰਥੀਆਂ ਦੀਆਂ ਕਾਪੀਆਂ ਕਿਤਾਬਾਂ ਫੁੱਲ ਪੱਤੀਆਂ ਨਾਲ ਹੀ ਭਰੀਆਂ ਹੋਣ। ਇਹ ਤੇਰੇ ਮਨ ਦਾ ਕੇਵਲ ਭਰਮ ਹੈ। ਤੂੰ ਬਗੀਚੀ ਦੇ ਬਾਹਰ ਤਖਤੀ ਨਹੀਂ ਪੜ੍ਹੀ ਕਿ ਫੁੱਲ ਤੋੜਨਾਂ ਪਾਪ ਹੈ।''

''ਪਾਪ ? ਉਏ ਪਾਪ ਨਹੀਂ। ਕਿਤਾਬਾਂ ਵਿਚ ਫੁੱਲ ਰੱਖਣਾ ਤਾਂ ਸ਼ੁੱਭ ਹੁੰਦੈ। ਇਸ ਤਰ੍ਹਾਂ ਦਾ ਪੁੰਨ ਵਾਲਾ ਕੰਮ ਕਰਕੇ ਦਿਮਾਗ ਚੱਲਣ ਲੱਗਦਾ ਏ। ਚਲ ਛੱਡ ਇਸ ਗੱਲ ਨੂੰ ਤੂੰ ਇਉਂ ਸਮਝ ਲੈ ਕਿ ਮੈਨੂੰ ਫੁੱਲ ਚੰਗੇ ਲੱਗਦੇ ਨੇ।'' ਸੋਹਣ ਬੋਲਿਆ।

ਤੈਨੂੰ ਫੁੱਲ ਚੰਗੇ ਲੱਗਦੇ ਹੁੰਦੇ ਤਾਂ ਤੂੰ ਇਹਨਾਂ ਨੂੰ ਨਾਂ ਤੋੜਦਾ ।

''ਫਿਰ ਕੀ ਹੋਇਆ ਯਾਰ ਫੁੱਲ ਤੋੜਨ ਲਈ ਹੀ ਹੁੰਦੇ ਨੇ। ਸਰਵਣ ਮਾਲੀ ਹਰ ਰੋਜ਼ ਫੁੱਲ ਤੋੜ ਕੇ ਪ੍ਰਿੰਸੀਪਲ ਲਈ ਗੁਲਦਸਤਾ ਸਜਾਉਂਦਾ ਹੈ। ਗੁਲਦਸਤੇ ਵਿਚ ਪਏ ਫੁੱਲ ਕਿੰਨੇ ਸੋਹਣੇ ਲੱਗਦੇ ਨੇ। ਦਿਨੇਸ਼ ਸਰ ਆਪਣੇ ਕੋਟ ਤੇ ਫੁੱਲ ਤੋੜ ਕੇ ਲਗਾਉਂਦੇਂ ਨੇ। ਜਦੋਂ ਕਿਸੇ ਮੰਤਰੀ ਜੀ ਦੇ ਗਲ ਵਿਚ ਫੁੱਲਾਂ ਦਾ ਹਾਰ ਪਾ ਕੇ ਉਹਨਾਂ ਦਾ ਹਾਰਦਿਕ ਸੁਆਗਤ .......।''

''ਬੱਸ ਬੱਸ ਅੱਗੇ ਕੁਝ ਹੋਰ ਨਾ ਆਖੀਂ ਤੈਨੂੰ ਕੁਦਰਤ ਦੀ ਕੋਮਲਤਾ ਦਾ ਅਹਿਸਾਸ ਨਹੀਂ। ਜਦੋਂ ਕੋਈ ਬਗੀਚੀ ਜਾਂ ਫੁੱਲਵਾੜੀ ਕੋਲੋਂ ਲੰਘਦਾ ਹੈ ਤਾਂ ਇਹ ਫੁੱਲ ਉਸ ਨੂੰ ਆਪਣੀ ਖੁਸ਼ਬੋਈ ਨਾਲ ਆਪਣੇ ਵੱਲ ਖਿੱਚ ਲੈਂਦੇ ਨੇ। ਇਸ ਨਾਲ ਵਾਤਾਵਰਣ ਮਹਿਕ ਭਰਿਆ ਰਹਿੰਦਾ ਹੈ। ਅੱਜ ਦੇ ਪ੍ਰਦੂਸ਼ਣ ਭਰੇ ਮਾਹੌਲ ਵਿਚ ਤਾਂ ਇਹਨਾਂ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।''

''ਛੱਡ ਯਾਰ ਮੋਹਨ ਤੂੰ ਤਾਂ ਫੁੱਲਾਂ ਦੇ ਬਹਾਨੇ ਮੇਰੇ ਪਿੱਛੇ ਹੀ ਪੈ ਗਿਆ ਹੈ। ਕੋਈ ਹੋਰ ਗੱਲ ਕਰ। ਹਾਂ ਸੱਚ ਰਾਤੀਂ ਵੇਖਿਆ ਸੀ ਸੀਰੀਅਲ ਹੈਰੀ ਪਾਟਰ?'' ਸੋਹਣ ਨੇ ਪੁੱਛਿਆ।

ਮੋਹਣ ਨੇ ਉਸਨੂੰ ਕੋਈ ਜੁਆਬ ਨਾ ਦਿੱਤਾ। ਇਸ ਤਰ੍ਹਾਂ ਲੱਗਿਆ ਜਿਵੇਂ ਮੋਹਣ ਨਾਰਾਜ਼ ਹੋ ਗਿਆ ਹੋਵੇ।

ਛੁੱਟੀ ਹੋਣ ਤੇ ਦੋਵੇਂ ਆਪਣੇ ਆਪਣੇ ਘਰ ਆ ਗਏ।

ਰਾਤੀਂ ਸੋਹਣ ਨੂੰ ਸੁਪਨਾਂ ਆਇਆ। ਸੁਪਨਾਂ ਵੀ ਅਜੀਬ ਸੀ।

ਸੁਪਨੇ ਵਿਚ ਸੋਹਣ ਨੂੰ ਲੱਗਿਆ ਜਿਵੇਂ ਉਹ ਇਕ ਅਜਿਹੀ ਸੁੰਨਸਾਨ ਥਾਂ ਤੇ ਆ ਗਿਆ ਹੈ ਜਿੱਥੇ ਕੋਈ ਰੁੱਖ ਬੂਟਾ ਨਹੀਂ ਹੈ। ਉਹ ਇਕ ਪੱਥਰ ਤੇ ਬੈਠਾ ਹੋਇਆ ਹੈ। ਪ੍ਰਦੂਸ਼ਣ ਕਾਰਣ ਉਸ ਨੂੰ ਸਾਹ ਲੈਣ ਵਿਚ ਦਿੱਕਤ ਆ ਰਹੀ ਹੈ। ਉਸ ਨੇ ਮਹਿਸੂਸ ਕੀਤਾ ਜਿਵੇਂ ਉਸਦਾ ਸਾਹ ਬੰਦ ਹੀ ਹੋ ਜਾਵੇਗਾ ਤੇ ਫੇਰ ਉਹ ਕਿਵੇਂ ਜੀਵੇਗਾ?

ਸੋਹਣ ਸ਼ਸ਼ੋਪੰਜ ਵਿਚ ਪੈ ਗਿਆ। ਚਾਣਚੱਕ ਉਸ ਨੇ ਵੇਖਿਆ ਜਿਵੇਂ ਉਸਦੇ ਸਾਹਮਣੇ ਇੱਕ ਚਿੱਤਰ ਬਣ ਰਿਹਾ ਹੋਵੇ। ਹੌਲੀ-ਹੌਲੀ ਉਹ ਚਿੱਤਰ ਇਕ ਗੁਲਾਬ ਦੇ ਫੁੱਲ ਦੇ ਰੂਪ ਵਿਚ ਬਣ ਗਿਆ।

''ਹੈਂ ? ਗੁਲਾਬ ਦਾ ਫੁੱਲ?''

ਹਾਂ ਹਾਂ ਮੈਂ ਉਹੀ ਗੁਲਾਬ ਦਾ ਫੁੱਲ ਹਾਂ ਜਿਸ ਦੀ ਪੱਤੀ ਪੱਤੀ ਤੋੜ ਕੇ ਤੂੰ ਆਪਣੀਆਂ ਕਿਤਾਬਾਂ ਕਾਪੀਆਂ



ਵਿਚ ਰੱਖੀ ਸੀ। ਮੈਂ ਤੈਨੂੰ ਕੁਝ ਸਵਾਲ ਪੁੱਛਣਾ ਚਾਹੁੰਦਾ ਹਾਂ।

ਗੁਲਾਬ ਦੇ ਫੁੱਲ ਨੂੰ ਬੋਲਦਾ ਵੇਖ ਕੇ ਸੋਹਣ ਹੈਰਾਨ ਰਹਿ ਗਿਆ। ਬੋਲਿਆ ਸਵਾਲ ! ਕਿਹੜੇ ਸਵਾਲ ?''

ਗੁਲਾਬ ਦਾ ਫੁੱਲ - ਮੇਰਾ ਪਹਿਲਾ ਸਵਾਲ ਇਹ ਹੈ ਕਿ ਤੈਨੂੰ ਪ੍ਰਕਿਰਤੀ ਚੰਗੀ ਨਹੀਂ ਲਗਦੀ?

ਪ੍ਰਕਿਰਤੀ ? ਹਾਂ ਹਾਂ ਮੈਨੂੰ ਪ੍ਰਕਿਰਤੀ ਚੰਗੀ ਲਗਦੀ ਹੈ।''

ਗੁਲਾਬ ਦੇ ਫੁੱਲ ਨੇ ਪੁੱਛਿਆ, ''ਫਿਰ ਦੱਸ ਕੀ ਮੈ ਪ੍ਰਕਿਰਤੀ ਦਾ ਹਿੱਸਾ ਨਹੀਂ ਹਾਂ?''

ਸੋਹਣ ਨੇ ਝੱਟ ਜੁਆਬ ਦਿੱਤਾ - ''ਤੂੰ ਪ੍ਰਕਿਰਤੀ ਦਾ ਹਿੱਸਾ ਹੈ, ਇਸ ਵਿਚ ਕੋਈ ਸ਼ੱਕ ਨਹੀਂ।''

ਤਾਂ ਫਿਰ ਤੂੰ ਮੈਨੂੰ ਕਿਉਂ ਤੋੜਿਆ?

ਤਾਂ ਕਿ ਮੈ ਤੇਰੀਆਂ ਪੱਤੀਆਂ ਨੂੰ ਆਪਣੀਆਂ ਕਾਪੀਆਂ ਕਿਤਾਬਾਂ ਵਿਚ ਰੱਖ ਸਕਾਂ।

ਇਹ ਸੁਣ ਕੇ ਗੁਲਾਬ ਦਾ ਫੁੱਲ ਹੱਸ ਪਿਆ। ਸੋਹਣ ਨੂੰ ਉਸਦੀ ਹਾਸੀ ਅਜੀਬ ਜਿਹੀ ਲੱਗੀ।

ਫੁੱਲ ਬੋਲਿਆ - ਤੂੰ ਮੇਰੀਆਂ ਪੱਤੀਆਂ ਨੂੰ ਆਪਣੀਆਂ ਕਾਪੀਆਂ ਕਿਤਾਬਾਂ ਵਿਚ ਰੱਖਿਆ ਪਰ ਕਿਉਂ? ਮੈਂ ਜਾਣ ਸਕਦਾ ਹਾਂ ?

ਤਾਕਿ ਮੈਂ ਪੜਾਈ ਵਿਚ ਹੋਸ਼ਿਆਰ ਹੋ ਜਾਵਾਂ। ਮੈਂ ਸੁਣਿਆ ਹੈ ਕਿ ਫੁੱਲ ਤੋੜ ਕੇ ਉਸ ਦੀਆਂ ਪੱਤੀਆਂ ਜਾਂ ਮੋਰ ਦੇ ਖੰਭਾਂ ਨੂੰ ਕਿਤਾਬਾਂ ਕਾਪੀਆਂ ਵਿਚ ਰੱਖਣ ਨਾਲ ਪੜਾਈ ਆਉਂਦੀ ਹੈ। ਮੋਰ ਖੰਭ ਤਾਂ ਮੈਨੂੰ ਮਿਲੇ ਨਹੀਂ ਇਸ ਲਈ ਫੁੱਲ ਹੀ ........।

ਗੁਲਾਬ ਦਾ ਫੁੱਲ ਪਹਿਲਾਂ ਤਾਂ ਚੁੱਪ ਰਿਹਾ ਫਿਰ ਬੋਲਿਆ -

ਮੇਰੀ ਗੱਲ ਯਾਦ ਰੱਖੀਂ। ਕਦੀ ਵੀ ਫੁੱਲ ਪੱਤੀਆਂ ਜਾਂ ਮੋਰ ਖੰਭਾਂ ਨੂੰ ਆਪਣੀਆਂ ਕਿਤਾਬਾਂ ਵਿਚ ਰੱਖਣ ਨਾਲ ਪੜਾਈ ਨਹੀਂ ਆਉਂਦੀ। ਜੇ ਤੂੰ ਸੱਚਮੁਚ ਹੀ ਪੜਾਈ ਵਿਚ ਅੱਗੇ ਵੱਧਣਾ ਚਾਹੁੰਦਾ ਹੈ ਤਾਂ ਮੈ ਤੈਨੂੰ ਇਕ ਜਾਦੂ ਬਾਰੇ ਦੱਸ ਸਕਦਾ ਹਾਂ।

ਜਾਦੂ? ਸੋਹਣ ਇਕਦਮ ਚਹਿਕ ਕੇ ਬੋਲਿਆ। ਹਾਂ ਮੈਨੂੰ ਅਜਿਹਾ ਜਾਦੂ ਚਾਹੀਦਾ ਹੈ। ਕਿਹੜਾ ਜਾਦੂ ਹੈ ਉਹ? ਕਿੱਥੋਂ ਮਿਲੇਗਾ? ਮੈ ਹਰ ਹਾਲਤ ਵਿਚ ਉਸ ਜਾਦੂ ਨੂੰ ਪ੍ਰਾਪਤ ਕਰਨਾਂ ਚਾਹੁੰਦਾ ਹਾਂ।

ਫੁੱਲ ਨੇ ਕਿਹਾ - ਉਹ ਜਾਦੂ ਤੇਰੇ ਕੋਲ ਹੈ।

ਮੇਰੇ ਕੋਲ ? ਸੋਹਣ ਨੇ ਇਕਦਮ ਆਪਣੇ ਹੱਥਾਂ ਵਲ ਵੇਖਿਆ । ਫਿਰ ਉਸਦਾ ਹੱਥ ਆਪਣੀ ਜੇਬ ਤੇ ਗਿਆ। ਨਹੀਂ ਮੇਰੇ ਕੋਲ ਤਾਂ ਅਜਿਹਾ ਕੋਈ ਜਾਦੂ ਨਹੀਂ।''

ਫੁੱਲ ਦੀਆਂ ਪੱਤੀਆਂ ਖਿੜਖਿੜਾ ਕੇ ਹੱਸ ਪਈਆਂ। ਫੁੱਲ ਬੋਲਿਆ - ਝੱਲੇ ਮੁੰਡਿਆ ! ਮੇਰੀ ਗੱਲ ਧਿਆਨ ਨਾਲ ਸੁਣ।

ਉਹ ਜਾਦੂ ਤੇਰੀ ਜੇਬ ਵਿਚ ਨਹੀ, ਉਹ ਜਾਦੂ ਤਾਂ ਤੇਰੀਆਂ ਕਿਤਾਬਾਂ ਵਿਚ ਛੁਪਿਆ ਹੋਇਆ ਹੈ। ਬਸ ਤੈਨੂੰ ਧਿਆਨ ਨਾਲ ਲੱਭਣ ਦੀ ਲੋੜ ਹੈ। ਇਹ ਜਾਦੂ ਕਿਵੇਂ ਲੱਭ ਸਕਦੈ। ਇਹ ਹੁਣ ਤੂੰ ਵੇਖਣੈ। ਮੈਂ ਦਾਅਵੇ ਨਾਲ ਕਹਿ ਰਿਹਾ ਹਾਂ ਜੇ ਤੂੰ ਉਸ ਨੂੰ ਲੱਭ ਲਿਆ ਤਾਂ ਤੂੰ ਪੜ੍ਹਾਈ ਦੇ ਖੇਤਰ ਵਿਚ ਬਹੁਤ ਅੱਗੇ ਨਿਕਲ ਸਕਦੈ। ਤੂੰ ਉਸ ਜਾਦੂ ਦੀ ਭਾਲ ਕਰ।''

ਫੇਰ ਗੁਲਾਬ ਦੀਆਂ ਪੱਤੀਆਂ ਇਕ-ਇਕ ਕਰਕੇ ਸੁੰਗੜਦੀਆਂ ਰਹੀਆਂ, ਫੁੱਲ ਅਲੋਪ ਹੋ ਗਿਆ।

ਚਾਣਚਕ ਫਿਰ ਸੋਹਣ ਦੇ ਕੰਨਾਂ ਵਿਚ ਅਵਾਜ਼ ਆਈ, ''ਉਠੋ ਬੇਟੇ। ਸਕੂਲ ਨਹੀਂ ਜਾਣਾ?''

ਇਕਦਮ ਅੱਖਾਂ ਮਲਦਾ ਹੋਇਆ ਸੋਹਣ ਉਠਿਆ। ਉਸ ਨੇ ਵੇਖਿਆ। ਮੰਮੀ ਉਸਦੇ ਸਿਰ ਤੇ ਹੱਥ ਫੇਰਦੀ ਹੋਈ ਜਗਾ ਰਹੀ ਸੀ।

ਸੋਹਣ ਉਠਿਆ। ਸਭ ਤੋਂ ਪਹਿਲਾਂ ਉਹ ਸੈਰ ਕਰਨ ਲਈ ਚਲਾ ਗਿਆ ਅਤੇ ਫਿਰ ਨਹਾ ਕੇ ਸਕੂਲ ਲਈ ਤਿਆਰ ਹੋ ਗਿਆ।ਉਸਦੇ ਦਿਮਾਗ ਵਿਚ ਵਾਰ ਵਾਰ ਸੁਪਨੇ ਵਾਲੀ ਫੁੱਲ ਦੀ ਗੱਲ ਘੁੰਮ ਰਹੀ ਸੀ। ''ਮੇਰੀ ਗੱਲ ਧਿਆਨ ਨਾਲ ਸੁਣ, ਉਹ ਜਾਦੂ ਤੇਰੀ ਜੇਬ ਵਿਚ ਨਹੀਂ ਉਹ ਤਾਂ ਤੇਰੀਆਂ ਕਿਤਾਬਾਂ ਵਿਚ ਛੁਪਿਆ ਹੋਇਆ ਹੈ। ਬਸ ਤੈਨੂੰ ਧਿਆਨ ਨਾਲ ਲੱਭਣ ਦੀ ਲੋੜ ਹੈ। ਤੂੰ ਉਸ ਜਾਦੂ ਦੀ ਭਾਲ ਕਰ।

ਸੋਹਣ ਨੇ ਸਕੂਲ ਵਿਚ ਜਾ ਕੇ ਕਾਪੀਆਂ ਕਿਤਾਬਾਂ ਦਾ ਇਕ-ਇਕ ਪੰਨਾ ਖੋਜ ਮਾਰਿਆ ਪਰ ਉਸ ਨੂੰ ਜਾਦੂ ਨਹੀਂ ਲੱਭਿਆ।

ਜਾਦੂ ਲੱਭਣ ਦਾ ਵੀ ਇਕ ਢੰਗ ਹੁੰਦੈ। ਉਹ ਢੰਗ ਹੈ ਮਿਹਨਤ, ਲਗਨ ਅਤੇ ਅਨੁਸ਼ਾਸਨ। ਸੋਹਣ ਦੇ ਮਨ ਦੇ ਕਿਸੇ ਕੋਨੇ ਵਿੱਚੋਂ ਅਵਾਜ਼ ਆਈ।

ਹੌਲੀ-ਹੌਲੀ ਗੱਲ ਉਸ ਨੂੰ ਸਮਝ ਆਉਣ ਲੱਗੀ। ਉਸ ਨੇ ਬਕਾਇਦਾ ਟਾਈਮ ਟੇਬਲ ਤਿਆਰ ਕੀਤਾ।ਉਸ ਅਨੁਸਾਰ ਪੜ੍ਹਨ ਲੱਗ ਪਿਆ। ਉਸ ਨੇ ਆਪਣੇ ਖੇਡਣ ਦਾ ਸਮਾਂ ਵੀ ਨਿਸ਼ਚਿਤ ਕਰ ਲਿਆ।

ਦਿਨ ਲੰਘਣ ਲੱਗੇ। ਉਸਦੀ ਪੜ੍ਹਾਈ ਵਿਚ ਦਿਲਚਸਪੀ ਵੇਖ ਕੇ ਮੰਮੀ ਪਾਪਾ ਉਸ ਨੂੰ ਸ਼ਾਬਾਸ਼ੀ ਦੇਣ ਲੱਗੇ। ਇਸ ਵਾਰ ਸਾਲਾਨਾ ਪ੍ਰੀਖਿਆ ਹੋਈ ਤਾਂ ਸੋਹਣ ਦੀ ਪ੍ਰਸੰਨਤਾ ਦੀ ਕੋਈ ਹੱਦ ਨਹੀਂ ਸੀ।

ਜਦੋਂ ਉਸ ਦਾ ਨਤੀਜਾ ਆਇਆ ਤਾਂ ਉਹ ਤੀਜੇ ਸਥਾਨ ਤੇ ਸੀ। ਨਤੀਜਾ ਸੁਣਨ ਤੋਂ ਬਾਅਦ ਜਦੋਂ ਸਾਰੇ ਬੱਚੇ ਆਪਣੇ ਘਰ ਆ ਰਹੇ ਸਨ ਤਾਂ ਚਾਣਚਕ ਸਕੂਲ ਦੇ ਬਗੀਚੇ ਵਿਚ ਲੱਗੇ ਗੁਲਾਬ ਦੇ ਫੁੱਲ ਨੇ ਉਸ ਦਾ ਰਾਹ ਰੋਕ ਲਿਆ।

ਸੋਹਣ ਗੁਲਾਬ ਦੇ ਫੁੱਲ ਨੂੰ ਤੱਕਣ ਲੱਗ ਪਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਇਹ ਉਹੀ ਸੁਪਨੇ ਵਾਲਾ ਫੁੱਲ ਸੀ।

ਸੋਹਣ ਬੋਲਿਆ – ਪਿਆਰੇ ਗੁਲਾਬ ਦੇ ਫੁੱਲ ਤੂੰ ਉਹੀ ਹੈ ਨਾਂ ਜੋ ਮੈਨੂੰ ਸੁਪਨੇ ਵਿਚ ਮਿਲਿਆ ਸੀ। ਮੈਂ ਉਹ ਜਾਦੂ ਲੱਭ ਲਿਆ ਹੈ।

ਐਨ ਉਸੇ ਸਮੇਂ ਉਸਦੇ ਪਿੱਛੋਂ ਅਵਾਜ਼ ਆਈ – ਤੇ ਉਸ ਜਾਦੂ ਦਾ ਨਾਂ ਹੈ ਸੱਚੀ ਮਿਹਨਤ ਅਤੇ ਲਗਨ।

ਸੋਹਣ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਮੋਹਣ ਸੀ। ਦੋਹਾਂ ਨੇ ਇਕ ਦੂਜੇ ਨੂੰ ਗਲਵਕੜੀ ਵਿਚ ਲੈ ਲਿਆ। ਦੋਹਾਂ ਨੇ ਇਕ ਦੂਜੇ ਨੂੰ ਵਧਾਈਆਂ ਦਿੱਤੀਆਂ।

ਗੁਲਾਬ ਦਾ ਫੁੱਲ ਟਹਿਕਦਾ ਹੋਇਆ ਝੂਮਣ ਲੱਗ ਪਿਆ। ਸੋਹਣ ਨੂੰ ਲੱਗਿਆ ਜਿਵੇਂ ਫੁੱਲ ਉਸ ਨੂੰ ਕਹਿ ਰਿਹਾ ਹੋਵੇ – ਹੁਣ ਤਾਂ ਨਹੀਂ ਮੈਨੂੰ ਤੋੜ ਕੇ ਕਿਤਾਬਾਂ ਵਿਚ ਰੱਖੇਂਗਾ?

ਸੋਹਣ ਨੇ ਕੁਝ ਦੂਰ ਪਈਆਂ ਦੋ ਕੰਡਿਆਲੀਆਂ ਝਾੜੀਆਂ ਵੇਖੀਆਂ। ਫਿਰ ਉਸ ਨੇ ਉਹਨਾਂ ਝਾੜੀਆਂ ਨੂੰ ਚੁੱਕ ਕੇ ਗੁਲਾਬ ਦੇ ਬੂਟੇ ਦੇ ਇਰਦ ਗਿਰਦ ਰੱਖ ਦਿੱਤਾ ਤਾਂਕਿ ਉਹ ਬੂਟਾ ਫੁੱਲ ਸਮੇਤ ਸੁਰੱਖਿਅਤ ਰਹਿ ਸਕੇ। ਮੋਹਣ ਨੂੰ ਜਾਪਿਆ ਜਿਵੇਂ ਫੁੱਲ ਅਤੇ ਸੋਹਣ ਇਕ ਦੂਜੇ ਦਾ ਧੰਨਵਾਦ ਕਰ ਰਹੇ ਹੋਣ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਬਿੱਛੂ ਅਤੇ ਭੂੰਡ ਆਦਿ ਦੇ ਕੱਟਣ ਤੇ ਲੋਹਾ ਰਗੜਨ ਨਾਲ ਜ਼ਹਿਰ ਕਿਉਂ ਉਤਰਦਾ ਹੈ?

**ਉੱਤਰ :** ਦਰਅਸਲ ਐਸਿਡ ਅਤੇ ਖਾਰ ਮਿਲ ਕੇ ਲਵਣ - ਉਦਾਸੀਨ ਬਣਾਉਂਦੇ ਹਨ। ਬਿੱਛੂ ਅਤੇ ਭੂੰਡ ਦੇ ਡੰਕ ਵਿੱਚ ਐਸਿਡ ਪਾਇਆ ਜਾਂਦਾ ਹੈ ਜੋ ਸਰੀਰ ਅੰਦਰ ਕਿਰਿਆ ਕਰਕੇ ਤੇਜ਼ੀ ਨਾਲ ਜਲਨ ਪੈਦਾ ਕਰਦਾ ਹੈ। ਲੋਹਾ ਪ੍ਰਕ੍ਰਿਤੀ ਦੀ ਖਾਰੀ ਧਾਤੂ ਹੁੰਦਾ ਹੈ। ਜਦ ਬਿੱਛੂ ਅਤੇ ਭੂੰਡ ਦੇ ਕੱਟਣ ਤੇ ਲੋਹਾ ਰਗੜਿਆ ਜਾਂਦਾ ਹੈ ਤਾਂ ਉਦਾਸੀਨੀਕਰਣ (Neutralisation) ਦੀ ਕਿਰਿਆ ਹੁੰਦੀ ਹੈ। ਫਲਸਰੂਪ ਸਰੀਰ ਦਾ ਜ਼ਹਿਰ ਉਤਰ ਜਾਣ ਨਾਲ ਸੋਜ ਨਹੀਂ ਆਉਂਦੀ ਹੈ।

**ਪ੍ਰਸ਼ਨ :** ਲਿਪਸਟਿਕ ਹਾਨੀਕਾਰਕ ਕਿਉਂ ਹੈ?

**ਉੱਤਰ :** ਲਿਪਸਟਿਕ ਔਰਤਾਂ ਦਾ ਇਕ ਸੁੰਦਰਤਾ ਦਾ ਸਾਧਨ ਹੈ, ਜਿਸ ਨਾਲ ਉਹ ਆਪਣੇ ਬੁਲ੍ਹਾਂ ਨੂੰ ਰੰਗ ਕੇ ਖੂਬਸੂਰਤ ਬਣਾਉਂਦੀਆਂ ਹਨ, ਲੇਕਿਨ ਲਿਪਸਟਿਕ ਦਾ ਨਿਯਮਤ ਇਸਤੇਮਾਲ ਹਾਨੀਕਾਰਕ ਵੀ ਹੁੰਦਾ ਹੈ। ਇਕ ਅਨੁਮਾਨ ਦੇ ਅਨੁਸਾਰ ਲਿਪਸਟਿਕ ਦਾ ਇਸਤੇਮਾਲ ਕਰਨ ਵਾਲੀਆਂ ਔਰਤਾਂ ਸਾਲ ਭਰ ਵਿੱਚ ਇਕ ਕਿਲੋਗ੍ਰਾਮ ਲਿਪਸਟਿਕ ਨਿਗਲ ਜਾਂਦੀਆਂ ਹਨ। ਲਿਪਸਟਿਕ ਵਿੱਚ ਕੋਲਤਾਰ ਅਤੇ ਸੀਸਾ ਵਰਗੇ ਰਸਾਇਣਾਂ ਦੇ ਇਲਾਵਾ ਮੋਮ, ਰੰਗ, ਤੇਲ ਅਤੇ ਕੁਝ ਮੁਲਾਇਮ ਤੱਤ ਹੁੰਦੇ ਹਨ, ਜੋ ਸਰੀਰ ਲਈ ਹਾਨੀਕਾਰਕ ਮੰਨੇ ਗਏ ਹਨ।

**ਪ੍ਰਸ਼ਨ :** ਜਵਾਲਮੁਖੀ ਦੇ ਫੱਟਣ ਤੇ ਤਾਪਮਾਨ ਵਿੱਚ ਗਿਰਾਵਟ ਕਿਉਂ ਆਉਂਦੀ ਹੈ?

**ਉੱਤਰ :** ਜਵਾਲਾਮੁਖੀ ਦੇ ਫੱਟਣ ਤੇ ਸਭ ਤੋਂ ਪਹਿਲਾਂ ਭਾਫ ਨਿਕਲਦੀ ਹੈ। ਇਸਦੇ ਨਾਲ ਕਾਰਬਨਡਾਈਆਕਸਾਈਡ, ਕਲੋਰੀਨ, ਹਾਈਡਰੋਜਨ ਗੈਸਾਂ ਪਰਸਪਰ ਪਾਣੀ ਦੇ ਨਾਲ ਸੰਜੋਗ ਕਰਕੇ ਰਸਾਇਣਿਕ ਕਿਰਿਆ ਕਰਦੀਆਂ ਹਨ। ਫਲਸਰੂਪ ਵਰਖਾ ਹੁੰਦੀ ਹੈ। ਇਸ ਵਰਖਾ ਦੇ ਕਾਰਣ ਹੀ ਹਵਾ ਵਿੱਚ ਇਕ ਅਜਿਹੀ ਪਰਤ ਬਣਨ ਲੱਗ ਜਾਂਦੀ ਹੈ, ਜਿਸ ਨਾਲ ਤਾਪਮਾਨ ਵਿੱਚ ਗਿਰਾਵਟ ਆ ਜਾਂਦੀ ਹੈ।

**ਪ੍ਰਸ਼ਨ :** ਮਿੱਟੀ ਦੇ ਘੜੇ ਵਿਚ ਪਾਣੀ ਠੰਡਾ ਕਿਉਂ ਰਹਿੰਦਾ ਹੈ?

**ਉਤਰ :** ਮਿੱਟੀ ਦੇ ਘੜੇ ਵਿਚ ਅਨੇਕ ਛੋਟੇ-ਛੋਟੇ ਛੇਦ ਹੁੰਦੇ ਹਨ ਜੋ ਨੰਗੀਆਂ ਅੱਖਾਂ ਨਾਲ ਨਹੀਂ ਦਿਸਦੇ। ਜਦ ਘੜੇ ਵਿਚ ਪਾਣੀ ਭਰਿਆ ਜਾਂਦਾ ਹੈ ਤਾਂ ਪਾਣੀ ਇਹਨਾਂ ਛੇਦਾਂ ਦੀ ਸਹਾਇਤਾ ਨਾਲ ਘੜੇ ਦੀ ਬਾਹਰਲੀ ਸਤਹ ਤੇ ਆ ਜਾਂਦਾ ਹੈ ਜਿਸ ਨਾਲ ਵਾਸ਼ਪੀਕਰਣ ਦੀ ਕਿਰਿਆ ਸ਼ੁਰੂ ਹੁੰਦੀ ਹੈ। ਵਾਸ਼ਪੀਕਰਣ ਦੀ ਕਿਰਿਆ ਦੇ ਕਾਰਣ ਘੜੇ ਦੇ ਅੰਦਰਲੇ ਪਾਣੀ ਦਾ ਤਾਪਮਾਨ ਘੱਟ ਹੋ ਜਾਂਦਾ ਹੈ ਅਤੇ ਪਾਣੀ ਠੰਡਾ ਰਹਿੰਦਾ ਹੈ। ❑

❒ ਅਕਸ਼ਦੀਪ ਸਿੰਘ

# ਗਰਮੀ ਆਈ



ਗਰਮੀ ਆਈ ਗਰਮੀ ਆਈ।
ਮੱਛਰ ਮੱਖੀ ਨਾਲ ਲਿਆਈ।

ਹਲਕੇ ਰੰਗਾਂ ਦੇ ਕਪੜੇ ਪਾਉ।
ਪਾਣੀ ਦੇ ਨਾਲ ਖ਼ੂਬ ਨਹਾਉ।

ਠੰਡੀਆਂ ਵਸਤਾਂ ਲੋੜ ਵਧੇਰੇ।
ਪਾਣੀ ਪੀਉ ਸੁਬਾ-ਸਵੇਰੇ।

ਸਾਫ ਚੁਗਿਰਦਾ ਰੱਖੋ ਪਿਆਰੇ।
ਹਵਾ ਵਿਚ ਹੱਸੋ ਖੇਡੋ ਸਾਰੇ।

ਬਾਸੀ ਭੋਜਨ ਕਦੇ ਨਾ ਖਾਉ।
ਤਾਜ਼ਾ ਖਾ ਪੀ ਭੁੱਖ ਮਿਟਾਉ।

ਠੰਡੇ ਸ਼ਰਬਤ ਰਸ ਮਲਾਈ।
ਖਾ ਪੀ ਪਾਉ ਜੋਸ਼ ਇਲਾਹੀ।

ਤੇਜ਼ ਧੁੱਪ ਤੇ ਲੂਅ ਤੋਂ ਬੱਚੀਏ।
ਬਿਨਾ ਕੰਮ ਦੇ ਬਾਹਰ ਨਾ ਭੱਜੀਏ।

ਪਾਣੀ ਦੇ ਛਿੱਟੇ ਮਾਰ ਧੋਵਾਂ ਅੱਖਾਂ
ਅਕਸ਼ਦੀਪ ਨਜ਼ਰ ਮੈ ਤਾਜ਼ਾ ਰੱਖਾਂ।



ਕਹਾਣੀ : ਓਮਪ੍ਰਕਾਸ਼

# ਛੋਟਾ ਬੱਦਲ ਬਰਸ ਗਿਆ

ਛੋਟਾ ਬੱਦਲ ਬਹੁਤ ਖੁਸ਼ ਸੀ। ਉਹ ਮਾਂ ਨੂੰ ਬੋਲਿਆ– ''ਮਾਂ ਮੈਂ ਖੇਡਣ ਜਾ ਰਿਹਾ ਹਾਂ'' ਇਹ ਕਹਿੰਦੇ ਹੀ ਉਹ ਦੌੜ ਪਿਆ। ਉਸਦੇ ਪਿੱਛੇ -ਪਿੱਛੇ ਉਸਦੀ ਮਾਂ ਅਤੇ ਬਾਕੀ ਸਾਥੀ ਵੀ ਚਲੇ ਆ ਰਹੇ ਸਨ।

ਛੋਟੇ ਬੱਦਲ ਨੇ ਹੇਠਾਂ ਵੇਖਿਆ। ਉਥੇ ਇਕ ਕਿਸਾਨ ਬੜੀ ਆਸ ਨਾਲ ਬੱਦਲ ਵੱਲ ਵੇਖ ਰਿਹਾ ਸੀ। ਉਹ ਬੋਲਿਆ– ''ਓ ਛੋਟੇ ਬੱਦਲ ਇਥੇ ਬਰਸ ਜਾਉ! ਮੇਰਾ ਖੇਤ ਗਿੱਲਾ ਹੋ ਜਾਏਗਾ। ਇਸ ਨਾਲ ਸੁੱਕ ਰਹੀ ਫਸਲ ਹਰੀ ਹੋ ਜਾਏਗੀ।''

ਇਸ ਤੇ ਛੋਟੇ ਬੱਦਲ ਨੇ ਜਵਾਬ ਦਿੱਤਾ– ''ਕਿਸਾਨ ਦਾਦਾ! ਹਾਲਾਂ ਮੈਂ ਖੇਡਣ ਜਾ ਰਿਹਾ ਹਾਂ। ਆ ਕੇ ਬਰਸ ਜਾਊਂਗਾ।'' ਕਹਿੰਦੇ ਹੋਏ ਛੋਟਾ ਬੱਦਲ ਅਗੇ ਚਲ ਪਿਆ।

ਦੂਰ ਇਕ ਵੀਰਾਨ ਪਹਾੜ ਸੀ। ਜਿਥੇ ਇੱਕ ਵੀ ਪੌਦਾ ਨਹੀਂ ਸੀ। ਉਹ ਬੋਲਿਆ– ''ਛੋਟੇ ਬੱਦਲ! ਮੇਰੇ ਤੇ ਬਰਸ ਜਾਉ। ਇਨਸਾਨ ਨੇ ਰੁੱਖ ਕੱਟ ਕੱਟ ਕੇ ਮੇਰਾ ਪੂਰਾ ਪਹਾੜ ਉਜਾੜ ਕੇ ਰੱਖ ਦਿੱਤਾ ਹੈ। ਅਗਰ ਤੂੰ ਬਰਸ ਜਾਏਗਾ ਤਾਂ ਮੇਰੇ ਉਪਰ ਉਗੇ ਰੁੱਖ ਦੇ ਮੁੱਢ ਹਰੇ ਹੋ ਜਾਣਗੇ।''

ਛੋਟੇ ਨੇ ਖੇਡਣ ਜਾਣਾ ਸੀ। ਉਹ ਬੋਲਿਆ – ''ਪਹਾੜ ਜੀ! ਹੁਣੇ ਮੈਂ ਖੇਡਣ ਜਾਣਾ ਹੈ। ਜਦ ਖੇਡ ਕੇ ਆਊਂਗਾ ਤਦ ਬਰਸ ਜਾਊਂਗਾ।'' ਕਹਿ ਕੇ ਉਹ ਅਗੇ ਵਧ ਗਿਆ।

ਕੁਝ ਦੂਰੀ ਤੇ ਪੀਹੂੰ ਮੋਰ ਖੜਾ ਨੱਚਣ ਦੀ ਸੋਚ ਰਿਹਾ ਸੀ। ਉਹ ਛੋਟੇ ਬੱਦਲ ਨੂੰ ਵੇਖ ਕੇ ਬੋਲਿਆ – ''ਛੋਟੇ ਬੱਦਲ! ਅਗਰ ਤੂੰ ਮੇਰੇ ਨਾਲ ਨੱਚਣਾ ਚਾਹੇ ਤਾਂ ਨੱਚ ਸਕਦੇ ਹੋ। ਤੈਨੂੰ ਵੇਖ ਕੇ ਮੈਨੂੰ ਨੱਚਣ ਦੀ ਇੱਛਾ ਹੋ ਰਹੀ ਹੈ।''



ਛੋਟੇ ਨੇ ਖੇਡ ਖੇਡਣੀ ਸੀ। ਉਹ ਪੀਹੂੰ ਨੂੰ ਬੋਲਿਆ– ''ਮੋਰ ਭਾਈ! ਮੈਂ ਨੱਚਣਾ ਨਹੀਂ ਖੇਡਣਾ ਹੈ। ਅਗਰ ਤੂੰ ਮੇਰੇ ਨਾਲ ਖੇਡਣਾ ਚਾਹੁੰਦਾ ਹੈ ਤਾਂ ਖੇਡ ਸਕਦਾ ਹੈ।''

ਪੀਹੂੰ ਨੇ ਕਿਹਾ– ''ਛੋਟੇ! ਮੈਨੂੰ ਖੇਡਣਾ ਨਹੀਂ ਨੱਚਣਾ ਆਉਂਦਾ ਹੈ।''

ਇਸ ਤੇ ਬੱਦਲ ਬੋਲਿਆ– ''ਕੋਈ ਗੱਲ ਨਹੀਂ ਮੋਰ ਭਾਈ, ਮੈਂ ਥੋੜਾ ਖੇਡ ਕੇ ਆਉਂਦਾ ਹਾਂ ਫਿਰ ਤੇਰੇ ਨਾਲ ਨੱਚਾਂਗਾ।'' ਕਹਿੰਦੇ ਹੋਏ ਛੋਟਾ ਬੱਦਲ ਅੱਗੇ ਵੱਧ ਗਿਆ।

ਨਦੀ ਕਿਨਾਰੇ ਕੁਝ ਬੱਚੇ ਖੇਡ ਰਹੇ ਸਨ। ਉਹ ਬੱਦਲ ਵੱਲ ਵੇਖਦੇ ਹੋਏ ਬੋਲੇ– ''ਵੇਖੋ ਭਾਈ! ਉਹ ਛੋਟਾ ਬੱਦਲ ਆ ਰਿਹਾ ਹੈ। ਅਗਰ ਉਹ ਸਾਡੇ ਨਾਲ ਖੇਡਣ ਲੱਗੇ ਤਾਂ ਕਿੰਨਾ ਮਜਾ ਆ ਜਾਏ।''

ਛੋਟਾ ਬੱਦਲ ਇਹ ਸੁਣ ਕੇ ਖੁਸ਼ ਹੋ ਗਿਆ।''ਹਾਂ, ਹਾਂ, ਮੈਂ ਵੀ ਤੁਹਾਡੇ ਨਾਲ ਖੇਡਣਾ ਚਾਹੁੰਦਾ ਹਾਂ।''ਕਹਿੰਦੇ ਹੋਏ ਛੋਟਾ ਬੱਦਲ ਬੱਚਿਆਂ ਦੇ ਕੋਲ ਆ ਗਿਆ।

ਬੱਚੇ ਵਾਰੀ-ਵਾਰੀ ਕੁੱਦ-ਕੁੱਦ ਕੇ ਛੋਟੇ ਬੱਦਲ ਨੂੰ ਫੜਨ ਦੀ ਕੋਸ਼ਿਸ਼ ਕਰਨ ਲੱਗੇ। ਛੋਟਾ ਕਦੇ ਉਹਨਾਂ ਦੇ ਕੋਲ ਆਉਂਦਾ। ਕਦੇ ਦੂਰ ਚਲਾ ਜਾਂਦਾ। ਉਹਨੂੰ ਬੱਚਿਆਂ ਨਾਲ ਖੇਡਣ ਵਿੱਚ ਮਜ਼ਾ ਆ ਰਿਹਾ ਸੀ।

ਇਕ ਬੱਚਾ ਬੱਦਲ ਨੂੰ ਮੁੱਠੀ ਵਿੱਚ ਲੈ ਕੇ ਕਹਿ ਰਿਹਾ ਸੀ – ''ਵੇਖੋ! ਮੇਰੇ ਹੱਥ ਵਿੱਚ ਬੱਦਲ ਆ ਗਿਆ।''

ਇਸ ਤੇ ਦੂਸਰਾ ਬੋਲਿਆ – ''ਦੱਸ ਕਿਥੇ ਹੈ?''

ਪਹਿਲੇ ਨੇ ਮੁੱਠੀ ਖੋਲ੍ਹ ਦਿੱਤੀ ਪਰ ਮੁੱਠੀ ਵਿੱਚ ਕੁਝ ਨਹੀਂ ਸੀ। ਇਸ ਤੇ ਦੂਸਰੇ ਨੇ ਕਿਹਾ – ''ਕਿਥੇ ਹੈ ਬੱਦਲ?''

''ਉਹ ਵੇਖ ਮੁੱਠੀ ਵਿਚੋਂ ਨਿਕਲ ਕੇ ਉਹ ਉਪਰ ਉਡੱ ਰਿਹਾ ਹੈ।'' ਇਹ ਸੁਣ ਕੇ ਬੱਦਲ ਮੁਸਕਰਾ ਦਿਤਾ।

''ਵੇਖ ਵੇਖ! ਬੱਦਲ ਹੱਸ ਰਿਹਾ ਹੈ।'' ਇਕ ਲੜਕਾ ਕਹਿ ਰਿਹਾ ਸੀ।

ਬੱਦਲ ਵਿਚੋਂ ਮੂੰਹ ਦੀ ਆਕ੍ਰਿਤੀ ਬਣ ਗਈ। ਬੁਲ੍ਹ ਗੋਲ ਹੋ ਗਏ ਸਨ। ਉਹ ਮੁਸਕਰਾ ਕੇ ਬੋਲਿਆ – ''ਚਲੋ! ਅਸੀਂ ਸਾਰੇ ਖੇਡਦੇ ਹਾਂ। ਸਾਡੇ ਨਾਲ-ਨਾਲ ਇਹ ਬੱਚੇ ਵੀ ਖੇਡਣਗੇ।''

ਇਹ ਸੁਣ ਕੇ ਸਾਰੇ ਬੱਦਲ ਉਮੜ-ਉਮੜ ਕੇ ਛੋਟੇ ਬੱਦਲ ਦੇ ਨਾਲ –ਨਾਲ ਆ ਗਏ। ਉਥੇ ਬੱਦਲ ਛਾਉਣ ਨਾਲ ਹਨ੍ਹੇਰਾ ਹੋ ਗਿਆ। ਪਹਿਲਾਂ ਬੱਦਲਾਂ ਨੇ ਹੌਲੀ-ਹੌਲੀ ਬਰਸਨਾ ਸ਼ੁਰੂ ਕਰ ਦਿੱਤਾ। ਫਿਰ ਉਮੜ-ਉਮੜ ਕੇ ਤੇਜ਼ ਬਰਸਣ ਲੱਗੇ। ਇਹ ਵੇਖ ਕੇ ਬੱਚੇ ਜ਼ੋਰ-ਜ਼ੋਰ ਨਾਲ ਨੱਚਣ ਅਤੇ ਗਾਉਣ ਲੱਗੇ, ''ਵਰਖਾ ਰਾਣੀ ਆਣਾ ਤੂੰ। ਰਿੰਮਝਿੰਮ ਪਾਣੀ ਬਰਸਾਣਾ ਤੂੰ। ਮੰਮੀ ਮੇਰੀ ਆਏਗੀ, ਮੈਨੂੰ ਪਕੜ ਲੈ ਜਾਏਗੀ।''

ਇਹ ਸੁਣ ਕੇ ਛੋਟਾ ਬੱਦਲ ਵੀ ਨੱਚਣ ਲੱਗਾ। ਦੂਰ ਖੜਾ ਮੋਰ ਵੀ ਪੀਹੂ-ਪੀਹੂ ਕਰਕੇ ਉਸਦੇ ਨਾਲ ਆਪਣਾ ਨਾਚ ਕਰਨ ਲੱਗਾ।

ਇਹ ਵੇਖ ਕੇ ਸਾਰੇ ਬੱਦਲ ਉਥੇ ਆ ਗਏ।

ਕੁਝ ਬੱਦਲ ਪਹਾੜ ਤੇ ਬਰਸਣ ਲੱਗੇ। ਕੁਝ ਕਿਸਾਨ ਦੇ ਖੇਤ ਤੇ ਬਰਸਣ ਲੱਗੇ। ਛੋਟੇ ਬੱਦਲ ਨੂੰ ਇਹ ਵੇਖ ਕੇ ਬੜਾ ਮਜ਼ਾ ਆ ਗਿਆ। ਉਹ ਬੱਚਿਆਂ ਨੂੰ ਛੱਡ ਕੇ ਪਹਾੜ ਵੱਲ ਭੱਜਿਆ,''ਪਹਾੜ ਭਾਈ! ਹੁਣ ਤਾਂ ਮੈਂ ਤੇਰੇ ਤੇ ਬਰਸ ਰਿਹਾ ਹਾਂ। ਤੁਸੀਂ ਖੁਲ੍ਹ ਕੇ ਨੱਚ ਗਾ ਸਕਦੇ ਹੋ,''

ਇਹ ਸੁਣ ਕੇ ਪਹਾੜ ਵੀ ਝੂੰਮ-ਝੂੰਮ ਕੇ ਨੱਚਣ ਗਾਉਣ ਲੱਗਾ।

ਛੋਟਾ ਬੱਦਲ ਅਗੇ ਵੱਧ ਗਿਆ। ਉਹ ਕਿਸਾਨ ਦੇ ਕੋਲ ਪਹੁੰਚਾ।



''ਕਿਸਾਨ ਦਾਦਾ! ਤਿਆਰ ਹੋ ਜਾਓ। ਮੈਂ ਬਰਸਣ ਆ ਗਿਆ।'' ਕਹਿੰਦੇ ਹੋਏ ਛੋਟਾ ਬੱਦਲ ਕਿਸਾਨ ਦੇ ਖੇਤ ਵਿੱਚ ਬਰਸਣ ਲੱਗਾ।

ਕਿਸਾਨ ਖੁਸ਼ ਹੋ ਗਿਆ। ਉਸਦੀ ਫਸਲ ਸੁੱਕਣ ਤੋਂ ਬਚ ਗਈ ਸੀ। ਉਸ ਨੇ ਮੁਸਕਰਾਉਂਦੇ ਹੋਏ ਕਿਹਾ - ''ਤੂੰ ਖੇਡ ਕੇ ਆ ਗਿਆ। ਬਹੁਤ ਚੰਗਾ ਕੀਤਾ। ਧੰਨਵਾਦ।''

ਇਸ ਤੇ ਛੋਟੇ ਬੱਦਲ ਨੇ ਕਿਹਾ - 'ਕੋਈ ਗੱਲ ਨਹੀਂ ਕਿਸਾਨ ਦਾਦਾ, ਅੱਜ ਤਾਂ ਖੇਡਣ ਵਿੱਚ ਮਜ਼ਾ ਆ ਗਿਆ।''

''ਕਿਉਂ?'' ਕਿਸਾਨ ਨੇ ਪੁੱਛਿਆ ਤਾਂ ਛੋਟਾ ਬੱਦਲ ਬੋਲਿਆ- ''ਮਾਂ ਕਹਿੰਦੀ ਹੈ ਕਿ ਅਸੀਂ ਬਹੁਤ ਪਹਿਲਾਂ ਰੁੱਖਾਂ-ਪੌਦਿਆਂ ਦੇ ਨਾਲ ਲੁਕਣਮੀਟੀ ਖੇਡ ਦੇ ਬਰਸਦੇ ਸੀ ਪਰ, ਹੁਣ ਪੇੜ-ਪੌਦੇ ਐਨੇ ਜ਼ਿਆਦਾ ਨਹੀਂ ਰਹੇ। ਇਸ ਲਈ ਖੇਡਣ ਵਿੱਚ ਮਜ਼ਾ ਨਹੀਂ ਆਉਂਦਾ ਹੈ।''

ਇਹ ਕਹਿ ਕੇ ਛੋਟਾ ਬੱਦਲ ਉਦਾਸ ਹੋ ਗਿਆ। ਇਸ ਤੇ ਕਿਸਾਨ ਬੋਲਿਆ- ''ਚਿੰਤਾ ਕਿਉਂ ਕਰਦੇ ਹੋ ਛੋਟੇ ਬੱਦਲ! ਮੈਂ ਆਪਣੇ ਖੇਤ ਦੀ ਖਾਲੀ ਪਈ ਜ਼ਮੀਨ ਤੇ ਬਹੁਤ ਸਾਰੇ ਰੁੱਖ ਉਗਾ ਕੇ ਇਹਨੂੰ ਹਰਾ-ਭਰਾ ਕਰ ਦੇਵਾਂਗਾ।''

''ਓਹ! ਤਦ ਤਾਂ ਮਾਂ ਵਾਂਗ ਮੈਂ ਵੀ ਰੁੱਖਾਂ ਨਾਲ ਖੇਡ ਕੇ ਮਜ਼ਾ ਲਵਾਂਗਾ।'' ਕਹਿੰਦੇ ਹੋਏ ਛੋਟਾ ਬੱਦਲ ਜ਼ੋਰ ਨਾਲ ਬਰਸਣ ਲੱਗਾ ਅਤੇ ਕਿਸਾਨ ਆਪਣੇ ਖੇਤ ਨੂੰ ਸੰਭਾਲਣ ਲੱਗਾ ਤਾਂ ਕਿ ਖੇਤ ਦਾ ਪਾਣੀ ਵਹਿ ਕੇ ਬਾਹਰ ਨਾ ਜਾ ਸਕੇ।

ਵਿਗਿਆਨ ਕਥਾ : ਡਾ. ਗੁਰਦੇਵ ਸਿੰਘ

# ਪਲਾਸਟਿਕ ਦੀ ਖੋਜ



ਸ਼ਸ਼ੀ, ਸੁਮਨ ਅਤੇ ਸੰਤੋਸ਼ ਤਿੰਨੋ ਵਿਦਿਆਰਥੀ ਅਧਿਆਪਕ ਜੀ ਦੇ ਕੋਮਲ ਵਿਵਹਾਰ ਅਤੇ ਗੱਲਬਾਤ ਕਰਨ ਦੇ ਅਨੋਖੇ ਤਰੀਕੇ ਤੋਂ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਕੱਲ ਤਕ ਜੋ ਵਿਸ਼ਾ ਉਹਨਾਂ ਨੂੰ ਨੀਰਸ ਲੱਗਦਾ ਸੀ, ਹੁਣ ਸੌਖਾ ਲੱਗਣ ਲੱਗਾ। ਇਹ ਵੀ ਉਹਨਾਂ ਦੇ ਪੜ੍ਹਾਉਣ ਦੇ ਢੰਗ ਦਾ ਹੀ ਕਮਾਲ ਸੀ।

ਸਵੇਰੇ ਸੁਮਨ ਨੇ ਅਧਿਆਪਕ ਜੀ ਨੂੰ ਕਿਹਾ – ਅੱਜ ਅਸੀਂ ਲੋਕ ਬਾਜ਼ਾਰ ਘੁੰਮਣ ਚਲਾਂਗੇ।

– ਬਹੁਤ ਖੂਬ ! – ਸ਼ਸ਼ੀ ਅਤੇ ਸੰਤੋਸ਼ ਨੇ ਵੀ ਆਪਣੀ ਸਹਿਮਤੀ ਦੇ ਦਿੱਤੀ।

– ਫਿਰ ਚਲੋ – ਅਧਿਆਪਕ ਜੀ ਵੀ ਤਿਆਰ ਹੋ ਗਏ। ਸਾਰੇ ਚਲ ਪਏ।

ਬਾਜ਼ਾਰ ਵਿੱਚ ਉਹਨਾਂ ਨੇ ਪਲਾਸਟਿਕ ਦੀਆਂ ਬਣੀਆਂ ਢੇਰ ਸਾਰੀਆਂ ਚੀਜ਼ਾਂ ਵੇਖੀਆਂ। ਕੁਝ ਖਰੀਦੀਆਂ ਵੀ। ਵਾਪਸੀ ਦੇ ਸਮੇਂ ਅਧਿਆਪਕ ਜੀ ਨੇ ਉਹਨਾਂ ਨੂੰ ਰਾਹ ਵਿੱਚ ਪੁੱਛਿਆ – ਪਤਾ ਹੈ, ਪਲਾਸਟਿਕ ਦੀ ਖੋਜ ਕਿਸ ਨੇ ਕੀਤੀ ਹੈ?

– ਨਹੀਂ ਤਾਂ, ਤਿੰਨੇ ਬੋਲ ਉਠੇ।

– ਇਕ ਬਿੱਲੀ ਨੇ।

– ਬਿੱਲੀ ਨੇ? – ਤਿੰਨੇ ਹੈਰਾਨ ਹੋ ਗਏ ਜਿਵੇਂ ਉਹਨਾਂ ਨੂੰ ਅਧਿਆਪਕ ਜੀ ਦੀ ਗੱਲ ਤੇ ਜਰਾ ਵੀ ਵਿਸ਼ਵਾਸ਼ ਨਹੀਂ ਹੋਇਆ।

– ਹਾਂ, ਇਕ ਬਿੱਲੀ ਨੇ ਹੀ ਉਸਦੀ ਖੋਜ ਕੀਤੀ ਹੈ। – ਅਧਿਆਪਕ ਨੇ ਆਪਣੀ ਗੱਲ ਤੇ ਜ਼ੋਰ ਦੇ ਕੇ ਕਿਹਾ।

– ਕਿਸ ਤਰ੍ਹਾਂ ਖੋਜ ਕੀਤੀ? – ਸੰਤੋਸ਼ ਨੇ ਪੁੱਛਿਆ।

– ਸੰਯੋਗਵਸ਼।

– ਇਸ ਖੋਜ ਦੇ ਬਾਰੇ ਵਿੱਚ ਸਾਨੂੰ ਪੂਰੀ ਤਰ੍ਹਾਂ ਦੱਸੋ।

– ਤਿੰਨਾਂ ਨੇ ਉਤਸੁਕਤਾ ਜਾਹਿਰ ਕੀਤੀ।

ਚੰਗਾ ਸੁਣੋ।– ਅਧਿਆਪਕ ਨੇ ਕਹਿਣਾ ਸ਼ੁਰੂ ਕੀਤਾ। – ਇਕ ਰਸਾਇਣ ਵਿਗਿਆਨੀ ਸੀ। ਆਪਣੀ ਪ੍ਰਯੋਗਸ਼ਾਲਾ ਵਿੱਚ ਉਹ ਕਿਸੇ ਪ੍ਰਯੋਗ ਸੰਬੰਧੀ ਕਾਰਜ ਵਿੱਚ ਰੁਝਿਆ ਹੋਇਆ ਸੀ। ਕੁਝ ਦੇਰ ਬਾਦ ਨਾ ਜਾਣੇ ਕਿਧਰੋਂ ਇਕ ਬਿੱਲੀ ਉਸਦੀ ਪ੍ਰਗੋਯਸ਼ਾਲਾ ਵਿੱਚ ਆ ਗਈ। ਰਸਾਇਣ ਵਿਗਿਆਨੀ ਦਾ ਧਿਆਨ ਉਸ ਵੱਲ ਗਿਆ.....।

– ਅਤੇ ਫਿਰ? – ਅਧਿਆਪਕ ਜੀ ਨੂੰ ਇਕਦਮ ਚੁੱਪ ਹੁੰਦੇ ਵੇਖ ਕੇ ਸੁਮਨ ਨੇ ਕਿਹਾ।

ਉਹ ਬੋਲੇ – ਆਪਣੀ ਜਗ੍ਹਾ ਤੇ ਬੈਠੇ-ਬੈਠੇ ਹੀ ਰਸਾਇਣ ਵਿਗਿਆਨੀ ਨੇ ਬਿੱਲੀ ਨੂੰ ਭਜਾਉਣਾ ਚਾਹਿਆ। ਇਸ ਲਈ ਉਸਨੇ ਪੂਰੀ ਕੋਸ਼ਿਸ਼ ਕੀਤੀ। ਨਤੀਜਾ ਇਹ ਹੋਇਆ ਕਿ ਬਿੱਲੀ ਤੁਰੰਤ ਭੱਜ ਤਾਂ ਗਈ ਲੇਕਿਨ ਹੜਬੜਾਹਟ ਵਿੱਚ ਉਸ ਨੇ ਇਕ ਗੜਬੜੀ ਕਰ ਦਿੱਤੀ।

– ਕੀ ਗੜਬੜੀ ਕੀਤੀ? – ਸੰਤੋਸ਼ ਉਤਸੁਕ ਹੋ ਉਠਿਆ।

ਅਧਿਆਪਕ ਜੀ ਨੇ ਦੱਸਿਆ – ਬਿੱਲੀ ਜੋ ਤੇਜ਼ੀ ਨਾਲ ਭੱਜੀ ਤਾਂ ਉਸਦੇ ਪੈਰਾਂ ਨਾਲ ਫਾਰਮੇਲਡਿਹਾਈਡ ਨਾਮਕ ਰਸਾਇਣ ਦੀ ਇਕ ਬੋਤਲ ਲੁੜਕ ਗਈ। ਉਸ ਬੋਤਲ ਦੇ ਕੋਲ ਹੀ ਪਨੀਰ ਰੱਖਿਆ ਸੀ। ਉਸ ਰਸਾਇਣ ਦਾ ਕੁਝ ਅੰਸ਼ ਪਨੀਰ ਤੇ ਜਾ ਡਿੱਗਾ।

– ਫਿਰ ਕੀ ਹੋਇਆ? – ਸ਼ਸ਼ੀ ਨੇ ਪੁੱਛਿਆ।

– ਉਸ ਸਮੇਂ ਰਸਾਇਣ ਵਿਗਿਆਨੀ ਆਪਣੇ ਕੰਮ ਵਿੱਚ ਐਨਾ ਰੁਝਿਆ ਸੀ ਕਿ ਇਸ ਘਟਨਾ ਵੱਲ ਉਸਦਾ ਬਿਲਕੁਲ ਧਿਆਨ ਹੀ ਨਹੀਂ ਗਿਆ। ਥੋੜੀ ਦੇਰ ਬਾਦ ਜਦ ਉਸ ਨੇ ਉਸ ਪਾਸੇ ਵੇਖਿਆ ਤਾਂ ਉਹ ਹੈਰਾਨ ਰਹਿ ਗਿਆ।

ਫਿਰ ਸੁਮਨ ਨੇ ਅਧਿਆਪਕ ਜੀ ਨੂੰ ਪੁੱਛਿਆ – ਰਸਾਇਣ ਵਿਗਿਆਨੀ ਕਿਉਂ ਹੈਰਾਨ ਰਹਿ ਗਿਆ?

– ਦੱਸਦਾ ਹਾਂ। – ਅਧਿਆਪਕ ਬੋਲੇ- ਪਨੀਰ ਉਸ ਰਸਾਇਣ ਦੇ ਅਸਰ ਨਾਲ ਠੋਸ ਪਲਾਸਟਿਕ ਵਿੱਚ ਬਦਲ ਗਿਆ ਸੀ। ਬਿਨਾ ਕਿਸੀ ਮਿਹਨਤ ਦੇ ਇਕ ਨਵੀਂ ਪ੍ਰਾਪਤੀ ਉਸ ਰਸਾਇਣ ਵਿਗਿਆਨੀ ਨੂੰ ਮਿਲ ਗਈ ਸੀ।

– ਬਿੱਲੀ ਨੇ ਤਾਂ ਸਚਮੁਚ ਕਮਾਲ ਕਰ ਦਿੱਤਾ।

– ਤਿੰਨੋਂ ਬੋਲ ਉਠੇ।

– ਇੰਝ ਹੀ ਸਮਝੋ।

– ਅਧਿਆਪਕ ਨੇ ਸਹਿਮਤੀ ਜਾਹਿਰ ਕੀਤੀ।

ਹੁਣ ਉਹ ਘਰ ਦੇ ਨੇੜੇ ਆ ਪਹੁੰਚੇ ਸਨ। ਥੱਕੇ ਅਤੇ ਭੁੱਖੇ ਸਨ, ਤੇਜ਼ੀ ਨਾਲ ਘਰ ਗਏ। ਅਧਿਆਪਕ ਜੀ ਨੇ ਵੀ ਆਪਣੀ ਰਾਹ ਪਕੜੀ। ▪

# ਹਾਸਾ ਖੇਡਾ

ਨੀਤੂ : ਸਾਡੇ ਪਿੰਡ ਵਿੱਚ ਸਾਰੇ ਵਿਅਕਤੀ ਤੰਦਰੁਸਤ ਹਨ, ਕੋਈ ਵੀ ਕਮਜ਼ੋਰ ਨਹੀਂ ਹੈ।

ਸੋਨੀਆ : ਫਿਰ ਉਹ ਜੋ ਸਾਹਮਣੇ ਤੋਂ ਮਰੀਅਲ-ਜਿਹਾ ਆਦਮੀ ਆ ਰਿਹਾ ਹੈ ਉਹ ਕੌਣ ਹੈ?

ਨੀਤੂ : ਉਹ ਇਸ ਪਿੰਡ ਦਾ ਵੈਦ ਹੈ।

ਰਾਮੂ ਦੇ ਦੋਵੇਂ ਕੰਨ ਸੜ ਗਏ। ਉਹ ਡਾਕਟਰ ਕੋਲ ਗਿਆ।

ਡਾਕਟਰ ਨੇ ਪੁੱਛਿਆ- ਇਹ ਕਿਵੇਂ ਹੋਇਆ?

ਰਾਮੂ : ਮੈਂ ਕਪੜੇ ਪ੍ਰੈਸ ਕਰ ਰਿਹਾ ਸੀ। ਤਦੇ ਫੋਨ ਵਜਿਆ, ਮੈਂ ਛੇਤੀ ਵਿੱਚ ਗਲਤੀ ਨਾਲ ਫੋਨ ਦੀ ਜਗ੍ਹਾ ਪ੍ਰੈਸ ਕੰਨ ਤੇ ਲਗਾ ਲਈ।

ਡਾਕਟਰ : ਲੇਕਿਨ ਇਹ ਦੂਸਰਾ ਕੰਨ ਕਿਵੇਂ ਸੜਿਆ?

ਰਾਮੂ : ਗੱਲ ਇਹ ਹੈ ਕਿ ਥੋੜੀ ਦੇਰ ਬਾਦ ਫਿਰ ਫੋਨ ਆ ਗਿਆ ਸੀ।



ਭਿਖਾਰੀ : ਭੈਣ ਜੀ, ਭੁੱਖਾ ਹਾਂ ਥੋੜਾ ਖਾਣਾ ਦੇ ਦਿਉ।

ਗ੍ਰਹਿਣੀ : ਖਾਣਾ ਹਾਲਾਂ ਪੱਕਾ ਨਹੀਂ ਹੈ।

ਭਿਖਾਰੀ : ਕੋਈ ਗੱਲ ਨਹੀਂ, ਆਪ ਮੇਰਾ ਨੰਬਰ ਲਿਖ ਲਉ। ਜਦ ਖਾਣਾ ਪੱਕ ਹੋ ਜਾਏ ਤਾਂ 'ਮਿਸ-ਕਾਲ' ਕਰ ਦੇਣਾ।

- ਰਾਧਾ ਨਾਚੀਜ਼

ਇਕ ਜਨਸਭਾ ਵਿੱਚ ਇਕ ਨੇਤਾ ਭਾਸ਼ਣ ਦੇ ਰਿਹਾ ਸੀ ਅਤੇ ਲੋਕ ਬਹੁਤ ਬੋਰੀਅਤ ਮਹਿਸੂਸ ਕਰ ਰਹੇ ਸਨ। ਪਰ ਨੇਤਾ ਬੈਠਣ ਦਾ ਨਾਮ ਹੀ ਨਹੀਂ ਲੈ ਰਿਹਾ ਸੀ। ਲੋਕ ਅੱਕ ਤੇ ਤਾੜੀਆਂ ਮਾਰਦੇ ਤਾਂ ਉਹ ਸਮਝਦਾ ਕਿ ਤਾਰੀਫ ਹੋ ਰਹੀ ਹੈ। ਆਖਿਰਕਾਰ ਇਕ ਵਿਅਕਤੀ ਤੋਂ ਰਿਹਾ ਨਾ ਗਿਆ। ਉਹ ਉਠਿਆ ਅਤੇ ਨੇਤਾ ਦੇ ਕੰਨ ਵਿੱਚ ਕੁਝ ਕਿਹਾ। ਨੇਤਾ ਫੌਰਨ ਭਾਸ਼ਣ ਬੰਦ ਕਰਕੇ ਕੁਰਸੀ ਤੇ ਬੈਠ ਗਿਆ।



ਲੋਕਾਂ ਨੇ ਉਸ ਵਿਅਕਤੀ ਤੋਂ ਪੁੱਛਿਆ - ਤੂੰ ਉਹਦੇ ਕੰਨ ਵਿੱਚ ਕੀ ਕਿਹਾ ਜੋ ਉਹ ਬੈਠ ਗਿਆ।

ਇਸ ਤੇ ਉਹ ਵਿਅਕਤੀ ਬੋਲਿਆ - ਮੈਂ ਉਸ ਨੂੰ ਕਿਹਾ ਕਿ ਆਪ ਦਾ ਪਜਾਮਾ ਫਟਿਆ ਹੋਇਆ ਹੈ। ਉਹਨੂੰ ਵੇਖ ਕੇ ਲੋਕ ਹੱਸ ਰਹੇ ਹਨ ਅਤੇ ਤਾੜੀਆਂ ਮਾਰ ਰਹੇ ਹਨ।

ਰਾਮੂ : ਸਰ, ਮੇਰੇ ਘਰ ਵਿੱਚ ਟੀਵੀ ਨੂੰ ਛੱਡ ਕੇ ਬਾਕੀ ਸਭ ਕੁਝ ਚੋਰੀ ਹੋ ਗਿਆ ਹੈ।

ਪੁਲਿਸ : ਚੋਰ ਸਿਰਫ ਟੀਵੀ ਕਿਸ ਲਈ ਛੱਡ ਗਿਆ?

ਰਾਮੂ : ਮੈਨੂੰ ਕੀ ਪਤਾ ਸਰ! ਮੈਂ ਉਸ ਸਮੇਂ ਟੀਵੀ ਤੇ ਫਿਲਮ ਵੇਖ ਰਿਹਾ ਸੀ।

- ਗੁਰਚਰਣ ਆਨੰਦ



ਗੈਰੇਜ਼ ਦੇ ਮਾਲਿਕ ਨੂੰ ਜ਼ੋਰ - ਜ਼ੋਰ ਨਾਲ ਖਰਾਟੇ ਲੈਂਦੇ ਵੇਖ ਕੇ ਉਸਦੇ ਸਟਾਫ ਨੂੰ ਸੌਣ ਵਿੱਚ ਦਿਕੱਤ ਹੋ ਰਹੀ ਸੀ। ਉਹਨਾਂ ਨੇ ਮਾਲਿਕ ਦੇ ਨੱਕ ਵਿੱਚ ਹੀ 'ਮੋਬਿਲ ਆਇਲ' ਪਾ ਦਿੱਤਾ। ਹੜਬੜਾ ਕੇ ਮਾਲਿਕ ਜਾਗਿਆ ਤਾਂ ਸਟਾਫ ਤੇ ਗੁੱਸਾ ਹੋਣ ਲੱਗਾ।

ਵਿਚਾਰਾ ਸਟਾਫ ਡਰਦੇ-ਡਰਦੇ ਬੋਲਿਆ –

ਆਪ ਹੀ ਤਾਂ ਕਹਿੰਦੇ ਹੋ ਕਿ ਕਿਸੇ ਵੀ ਚੀਜ਼ ਵਿਚੋਂ ਆਵਾਜ਼ ਨਿਕਲੇ ਤਾਂ ਉਸ ਵਿੱਚ 'ਮੋਬਿਲ ਆਇਲ' ਪਾ ਦੇਣਾ ਚਾਹੀਦਾ ਹੈ।

ਡਾਕਟਰ : ਇਸ ਦਵਾ ਨੂੰ ਇਕ ਹਫ਼ਤੇ ਵਿੱਚ ਖ਼ਤਮ ਕਰੋ ਅਤੇ ਬਾਦ ਵਿੱਚ ਆ ਕੇ ਵਿਖਾਉ।

ਮਰੀਜ਼ : ਠੀਕ ਹੈ ਡਾਕਟਰ ਸਾਹਿਬ।

(ਇਕ ਹਫ਼ਤੇ ਬਾਦ)

ਡਾਕਟਰ : ਕੀ ਦਵਾ ਖ਼ਤਮ ਹੋਈ?

ਮਰੀਜ਼ : ਨਹੀਂ ਡਾਕਟਰ ਸਾਹਿਬ।

ਡਾਕਟਰ : ਕਿਉਂ ਨਹੀਂ?

ਮਰੀਜ਼ : ਉਸ ਤੇ ਲਿਖਿਆ ਸੀ ਕਿ ਬੋਤਲ ਨੂੰ ਹਮੇਸ਼ਾਂ ਬੰਦ ਰੱਖੋ।

ਜੱਜ : (ਅਪਰਾਧੀ ਨੂੰ) ਤੂੰ ਉਸਦਾ ਹੱਥ ਕਿਉਂ ਸਾੜਿਆ?

ਅਪਰਾਧੀ : ਸ਼੍ਰੀਮਾਨ ਜੀ, ਮੈਂ ਤਾਂ ਇਸ ਤੋਂ ਨੌਕਰੀ ਮੰਗਣ ਗਿਆ ਸੀ। ਇਸ ਨੇ ਕਿਹਾ ਕਿ ਮੈਂ ਇਸਦੀ ਮੁੱਠੀ ਗਰਮ ਕਰਾਂ। ਇਸ ਲਈ ਮੈਂ ਇਸਦੇ ਹੱਥ ਤੇ ਜਲਦਾ ਹੋਇਆ ਕੋਇਲਾ ਲਿਆ ਕੇ ਰੱਖ ਦਿੱਤਾ।

– ਪ੍ਰਵੀਨ ਸਿੰਘ

ਗ੍ਰਿਹ ਵਿਗਿਆਨ ਦੀ ਇਕ ਵਿਦਿਆਰਥਣ ਕਿਚਨ-ਕਲਾ ਦੀ ਪ੍ਰੀਖਿਆ ਦੇ ਕੇ ਵਾਪਸ ਆਈ ਤਾਂ ਉਸਦੀ ਮਾਂ ਨੇ ਪੁੱਛਿਆ –

ਤੂੰ ਉਥੇ ਜੋ ਚਟਨੀ ਬਣਾਈ ਸੀ, ਉਹ ਤੇਰੀ ਟੀਚਰ ਇੱਕਲੀ ਹੀ ਚਟ ਕਰ ਗਈ ਜਾਂ ਤੈਨੂੰ ਵੀ ਖਾਣ ਲਈ ਦਿੱਤੀ।

ਵਿਦਿਆਰਥਣ ਬੋਲੀ –

ਖਾਣ ਲਈ ਦਿੱਤੀ? ਮਾਂ! ਟੀਚਰ ਨੇ ਚਟਨੀ ਚੱਖੀ, ਫਿਰ ਸਾਰੀ ਚਟਨੀ ਮੈਨੂੰ ਜਬਰਦਸਤੀ ਖਵਾਈ।

ਇਕ ਬੱਚਾ ਸਕੂਲ ਤੋਂ ਆਇਆ ਤਾਂ ਉਸਦੀ ਮਾਂ ਉਸਦਾ ਖਰੋਚਾਂ ਨਾਲ ਭਰਿਆ ਚਿਹਰਾ ਵੇਖ ਕੇ ਗੁੱਸੇ ਨਾਲ ਬੋਲੀ –



ਤੂੰ ਫਿਰ ਲੜਾਈ ਕੀਤੀ ਕਿਸੇ ਬੱਚੇ ਨਾਲ? ਮੈਂ ਤੈਨੂੰ ਕਿੰਨੀ ਵਾਰ ਸਮਝਾਇਆ ਹੈ ਕਿ ਜਦ ਕਦੇ ਵੀ ਲੜਾਈ - ਝਗੜੇ ਦੀ ਨੌਬਤ ਆਉਂਦੀ ਵਿਖਾਈ ਦੇਵੇ, ਤੂੰ ਲੜਨ ਤੋਂ ਪਹਿਲਾਂ ਵੀਹ ਤਕ ਗਿਣਤੀ ਗਿਣਿਆ ਕਰ।

ਬੱਚਾ : (ਰੋਣਹਾਕਾ ਹੋ ਕੇ) ਪਤਾ ਹੈ ਮੰਮੀ, ਲੇਕਿਨ ਦੂਸਰੇ ਲੜਕੇ ਦੀ ਮੰਮੀ ਨੇ ਉਹਨੂੰ ਸਿਰਫ ਦਸ ਤਕ ਹੀ ਗਿਣਤੀ ਗਿਣਨ ਲਈ ਕਿਹਾ ਸੀ।

– ਸ਼ਾਮ ਬਿਲਦਾਨੀ

❒ ਤੀਰਥ ਸਿੰਘ ਦਰਦ

# ਸੁੰਦਰ ਲਿਖਾਈ



ਮਾਤਾ-ਪਿਤਾ ਜਦ ਸੁਬਹ ਉਠਾਂਦੇ,
ਬੱਚੇ ਕਰਦੇ ਬੁਰਸ਼ ਅਤੇ ਨਹਾਂਦੇ।

ਸੋਹਣੇਸੋਹਣੇ ਧੋਤੇ ਕਪੜੇ ਪਾਂਦੇ,
ਗੱਲ ਵਿਚ ਟਾਈ ਵੀ ਲਟਕਾਂਦੇ।

ਟਾ-ਟਾ ਆਖ ਸਕੂਲੇ ਜਾਂਦੇ,
ਪੜ ਕੇ ਆਵਣ ਹੱਸਦੇ-ਗਾਂਦੇ।

ਬਜ਼ਾਰ ਵਿੱਚੋਂ ਰੇਹੜੀਆਂ ਉਤੇ
ਨੰਗੀਆਂ ਚੀਜਾਂ ਲੈ ਨਹੀ ਖਾਂਦੇ।

ਜਦ ਵੀ ਕਹੀਏ ਗੀਤ ਸੁਣਾਉ,
ਸੁਰ ਵਿਚ ਮਿੱਠੇ ਗੀਤ ਸੁਣਾਦੇ।

ਪਰ ਜੋ ਸੁੰਦਰ ਲਿਖਾਈ ਲਿਖਦੇ,
ਉਹ ਬੱਚੇ ਨੰਬਰ ਵੱਧ ਲੈ ਜਾਂਦੇ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਮ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਰਾਜਾ ਜਨਕ ਦੇ ਸਭ ਤੋਂ ਵੱਡੇ ਦਾਮਾਦ ਕੌਣ ਸਨ?

ਪ੍ਰਸ਼ਨ 2) ਹਿਡਿੰਬਾ ਦਾ ਪਤੀ ਕੌਣ ਸੀ?

ਪ੍ਰਸ਼ਨ 3) ਸਭ ਤੋਂ ਘੱਟ ਆਬਾਦੀ ਵਾਲਾ ਭਾਰਤੀ ਰਾਜ ਕਿਹੜਾ ਹੈ?

ਪ੍ਰਸ਼ਨ 4) ਕੇਰਲ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 5) ਭਾਰਤ ਦਾ 'ਮਸਾਇਲ ਪੁਰਸ਼' ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 6) ਕਿਸ ਰਿਸ਼ੀ ਨੇ ਆਪਣੀ ਪਤਨੀ ਅਹੱਲਿਆ ਨੂੰ ਪੱਥਰ ਦਾ ਬਣ ਜਾਣ ਦਾ ਸ਼ਰਾਪ ਦਿੱਤਾ ਸੀ?

ਪ੍ਰਸ਼ਨ 7) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਸਥਿਤ ਹੈ?

ਪ੍ਰਸ਼ਨ 8) ਇਟਲੀ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ 9) ਸੰਗਿਆ ਦੇ ਸਥਾਨ ਤੇ ਜਿਸ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 10) ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ?

ਪ੍ਰਸ਼ਨ 11) ਸਭ ਤੋਂ ਭਾਰੀ ਧਾਤੂ ਕਿਹੜੀ ਹੈ?

ਪ੍ਰਸ਼ਨ 12) ਕਿਸ ਰਿਸ਼ੀ ਨੇ ਗਣੇਸ਼ ਜੀ ਦਾ ਇਕ ਦੰਦ ਤੋੜਿਆ ਸੀ?

ਪ੍ਰਸ਼ਨ 13) ਸਿਕੰਦਰ ਅਤੇ ਪੋਰਸ ਦਾ ਯੁੱਧ ਕਿਸ ਨਦੀ ਕਿਨਾਰੇ ਲੜਿਆ ਗਿਆ ਸੀ?

ਪ੍ਰਸ਼ਨ 14) ਮਹਾਤਮਾ ਗਾਂਧੀ ਨੇ ਮਰਨ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ਸਨ?

ਪ੍ਰਸ਼ਨ 15) ਗਾਇਤ੍ਰੀ ਮੰਤਰ ਦੀ ਸ਼ੁਰੂਆਤ ਕਿਸ ਸ਼ਬਦ ਤੋਂ ਹੁੰਦੀ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ - **ਅਜੈ ਕਾਲੜਾ**







ਇਥੇ ਤਾਂ ਕਿੰਨੇ ਸੁੰਦਰ ਫੁੱਲ ਖਿੜੇ ਹੋਏ ਹਨ। ਲਾਲ, ਪੀਲਾ, ਗੁਲਾਬ, ਗੇਂਦਾ ਵਾਹ! ਕਿੰਨੀ ਖੁਸ਼ਬੂ ਆ ਰਹੀ ਹੈ ਫੁੱਲਾਂ ਵਿਚੋਂ।
ਚਲੋ ਫੁੱਲ ਤੋੜ ਕੇ ਮਾਲਾ ਬਣਾਉਂਦੇ ਹਾਂ ਅਤੇ ਕੁਝ ਫੁੱਲਾਂ ਦੀਆਂ ਪੱਤੀਆਂ ਤੋੜ ਕੇ ਖੇਡਦੇ ਹਾਂ।
ਨਹੀਂ ਕਿੱਟੀ ! ਵੇਖੋ ਉਥੇ ਬੋਰਡ ਲੱਗਾ ਹੈ - 'ਫੁੱਲ ਤੋੜਨਾ ਮਨ੍ਹਾ ਹੈ।' ਇਸ ਲਈ ਸਾਨੂੰ ਫੁੱਲ ਨਹੀਂ ਤੋੜਨੇ ਚਾਹੀਦੇ।


ਚਿੰਟੂ ਤੂੰ ਆਪਣਾ ਭਾਸ਼ਣ ਬੰਦ ਕਰ। ਅਸੀਂ ਨਹੀਂ ਤੋੜਾਂਗੇ ਤਾਂ ਹੋਰ ਕੋਈ ਤਾਂ ਤੋੜੇਗਾ ਨਾ! ਫਿਰ ਪਹਿਲਾਂ ਅਸੀਂ ਹੀ ਕਿਉਂ ਨਾ ਤੋੜ ਲਈਏ।
ਲੇਕਿਨ ਕਿੱਟੀ, ਸਾਨੂੰ ਕੋਈ ਅਧਿਕਾਰ ਨਹੀਂ ਹੈ ਕਿ ਪਾਰਕ ਦੀ ਖ਼ੂਬਸੂਰਤੀ ਨੂੰ ਖਰਾਬ ਕਰੀਏ। ਇਹ ਸਾਡੀ ਸੰਪਤੀ ਨਹੀਂ ਹੈ।
ਫੁੱਲ ਤੋੜਨਾ ਮਨ੍ਹਾ ਹੈ।
ਲਉ, ਹੁਣ ਇਹ ਹੋ ਗਈ ਮੇਰੀ ਸੰਪਤੀ।
ਕਿੱਟੀ, ਤੂੰ ਜਾਣਦੀ ਹੈ ਕਿ ਫੁੱਲਾਂ ਤੋਂ ਅਸੀਂ ਸਾਬਣ, ਇਤਰ, ਗੁਲਕੰਦ, ਸ਼ਰਬਤ ਆਦਿ ਕਿੰਨੀ ਤਰ੍ਹਾਂ ਦੀਆਂ ਚੀਜ਼ਾਂ ਬਣਾਉਂਦੇ ਹਾਂ।
ਅਗਰ ਸਾਰੇ ਤੇਰੇ ਵਾਂਗ ਫੁੱਲਾਂ ਨੂੰ ਬਰਬਾਦ ਕਰਨ ਲੱਗ ਜਾਣਗੇ ਤਾਂ ਇਹ ਸਭ ਚੀਜ਼ਾਂ ਕਿਥੋਂ ਆਉਣਗੀਆਂ?


ਕੌਣ ਹੈ ਉਥੇ ਪਾਰਕ ਵਿੱਚ ਜੋ ਫੁੱਲ ਤੋੜ ਰਿਹਾ ਹੈ? ਤੁਹਾਡੀ ਸਾਰਿਆਂ ਦੀ ਹੁਣ ਖੈਰ ਨਹੀਂ।
ਮਾਲੀ ਅੰਕਲ ਇਹ ਸਾਰੇ ਬੱਚੇ ਫੁੱਲ ਤੋੜ ਰਹੇ ਸਨ। ਮੈਂ ਤਾਂ ਕਦੋਂ ਤੋਂ ਇਹਨਾਂ ਸਾਰਿਆਂ ਨੂੰ ਫੁੱਲਾਂ ਦੇ ਮਹੱਤਵ ਬਾਰੇ ਦੱਸ ਰਹੀ ਸੀ।
ਸੌਰੀ ਮਾਲੀ ਅੰਕਲ, ਅਗੇ ਤੋਂ ਕਦੇ ਫੁੱਲ ਨਹੀਂ ਤੋੜਾਂਗੇ।



ਕਹਾਣੀ : ਕਮਲ ਸੌਗਾਨੀ

# ਸੰਤ-ਮਹਾਤਮਾ ਦੀ ਗੱਲ

ਇਕ ਸੀ ਸ਼ਿਕਾਰੀ। ਉਹ ਸ਼ਿਕਾਰ ਖੇਡਣ ਵਿੱਚ ਅਜੇ ਜ਼ਿਆਦਾ ਮਾਹਿਰ ਨਹੀਂ ਸੀ। ਹਾਂ, ਉਸ ਵਿੱਚ ਇਕ ਵਿਸ਼ੇਸ਼ਤਾ ਇਹ ਸੀ ਕਿ ਉਹ ਬਾਂਸ ਦੇ ਵਾਜੇ ਨਾਲ ਤਰ੍ਹਾਂ-ਤਰ੍ਹਾਂ ਦੇ ਜਾਨਵਰਾਂ ਦੀਆਂ ਬੋਲੀਆਂ ਕੱਢ ਸਕਦਾ ਸੀ। ਇਸੇ ਵਿਦਿਆ ਦੇ ਕਾਰਣ ਉਹ ਜਾਨਵਰਾਂ ਨੂੰ ਬੁਲਾਵਾ ਦੇ ਕੇ ਆਪਣੇ ਨੇੜੇ ਬੁਲਾ ਲੈਂਦਾ ਅਤੇ ਅਚਾਨਕ ਉਹਨਾਂ ਦੇ ਹਮਲਾ ਕਰ ਦਿੰਦਾ।

ਇੰਝ ਹੀ ਇਕ ਵਾਰ, ਉਹ ਇਕ ਜੰਗਲ ਵਿੱਚ ਸ਼ਿਕਾਰ ਕਰਨ ਗਿਆ ਅਤੇ ਉਥੇ ਬਾਂਸ ਦੇ ਵਾਜੇ ਨੂੰ ਜ਼ੋਰ ਨਾਲ ਵਜਾਉਣ ਲੱਗਾ। ਇਕ ਸੰਤ-ਮਹਾਤਮਾ ਵੀ ਉਧਰੋਂ ਲੰਘ ਰਹੇ ਸਨ। ਵਾਜੇ ਦੀ ਆਵਾਜ਼ ਸੁਣ ਕੇ ਸੰਤ ਉਸਦੇ ਕੋਲ ਆ ਕੇ ਬੋਲੇ - ਇਥੇ ਜੰਗਲ ਵਿੱਚ ਇਸ ਤਰ੍ਹਾਂ ਵਾਜਾ ਵਜਾਉਣ ਦੀ ਕੀ ਤੁਕ ਹੈ?

ਸ਼ਿਕਾਰੀ ਨੇ ਜਵਾਬ ਦਿਤਾ - ਮੈਂ ਇਸੇ ਵਾਜੇ ਦੇ ਮਾਧਿਅਮ ਨਾਲ ਵਿਭਿੰਨ ਪਸ਼ੂਆਂ ਦੀਆਂ ਬੋਲੀਆਂ ਕੱਢਦਾ ਹਾਂ ਅਤੇ ਇਹਨਾਂ ਬੋਲੀਆਂ ਦੇ ਕਾਰਣ ਮੈਨੂੰ ਸ਼ਿਕਾਰ ਕਰਨ ਵਿੱਚ ਬੜੀ ਸਰਲਤਾ ਹੁੰਦੀ ਹੈ।

ਸੁਣ ਕੇ ਸੰਤ ਨੇ ਕਿਹਾ - ਉਹ ਤਾਂ ਠੀਕ ਹੈ, ਲੇਕਿਨ ਮੇਰੀ ਇਕ ਗੱਲ ਯਾਦ ਰੱਖਣਾ।

- ਕਿਹੜੀ ਗੱਲ?- ਸ਼ਿਕਾਰੀ ਨੇ ਪੁੱਛਿਆ।



– ਇਹੀ ਕਿ ਹਿਰਨ ਭੇੜੀਏ ਤੋਂ ਡਰਦਾ ਹੈ, ਭੇੜੀਆ ਬਾਘ ਤੋਂ ਅਤੇ ਬਾਘ ਜੰਗਲੀ ਭਾਲੂ ਤੋਂ। ਹਾਂ ਇਕ ਗੱਲ ਹੋਰ ਜੰਗਲੀ ਭਾਲੂ ਬਹੁਤ ਹੀ ਬਲਵਾਨ ਹੁੰਦਾ ਹੈ। ਉਸਦੇ ਵਾਲ ਲੰਮੇ ਹੁੰਦੇ ਹਨ ਅਤੇ ਉਹ ਆਦਮੀ ਦੀ ਤਰ੍ਹਾਂ ਖੜਾ ਵੀ ਹੋ ਸਕਦਾ ਹੈ।

ਸ਼ਿਕਾਰੀ ਨੂੰ ਬਹੁਤ ਗੁੱਸਾ ਆਇਆ। ਉਸ ਨੇ ਵਿਚੋਂ ਹੀ ਸੰਤ ਨੂੰ ਟੋਕ ਕੇ ਕਿਹਾ –ਸੰਤ ਜੀ! ਆਖਿਰ ਮੈਂ ਵੀ ਇਕ ਸ਼ਿਕਾਰੀ ਹਾਂ, ਜੋ ਆਪ ਨੇ ਗੱਲ ਦੱਸੀ ਉਹ ਤਾਂ ਇਕ ਸਧਾਰਣ ਆਦਮੀ ਵੀ ਜਾਣਦਾ ਹੈ। ਆਪ ਨੇ ਅਜਿਹੀ ਗੱਲ ਦੱਸ ਕੇ ਵਿਅਰਥ ਹੀ ਮੇਰਾ ਅਤੇ ਆਪਣਾ ਸਮਾਂ ਨਸ਼ਟ ਕੀਤਾ।

ਫਿਰ ਸ਼ਿਕਾਰੀ ਵਾਜਾ ਵਜਾਉਂਦਾ ਹੋਇਆ ਚਲ ਪਿਆ। ਅਚਾਨਕ ਉਸਦੀ ਨਿਗਾਹ ਹਿਰਨਾਂ ਦੇ ਝੁੰਡ ਤੇ ਪਈ। ਉਸ ਨੇ ਹਿਰਨ ਦਾ ਸ਼ਿਕਾਰ ਕਰਨ ਲਈ ਉਹਨਾਂ ਨੂੰ ਤਿੱਤਰ-ਬਿੱਤਰ ਕਰਨ ਦੀ ਸੋਚੀ ਅਤੇ ਵਾਜਾ ਵਜਾ ਕੇ ਹਿਰਨ ਦੀ ਆਵਾਜ਼ ਕੱਢਣ ਲੱਗਾ। ਤਦੇ ਇਕ ਭੇੜੀਆ ਹਿਰਨ ਮਾਰਨ ਲਈ ਉਸਦੇ ਸਾਹਮਣੇ ਆ ਪਹੁੰਚਿਆ। ਭੇੜੀਏ ਨੂੰ ਵੇਖ ਕੇ ਸ਼ਿਕਾਰੀ ਡਰ ਦੇ ਮਾਰੇ ਥਰ-ਥਰ ਕੰਬਣ ਲੱਗਾ ਅਤੇ ਉਸਦੇ ਤੀਰ-ਕਮਾਨ ਜ਼ਮੀਨ ਤੇ ਆ ਡਿੱਗੇ। ਅਚਾਨਕ ਉਹਨੂੰ ਯਾਦ ਆਇਆ ਕਿ ਸੰਤ ਨੇ ਕਿਹਾ ਸੀ– 'ਭੇੜੀਆ ਬਾਘ ਤੋਂ ਡਰਦਾ ਹੈ।' ਸੋ ਉਸ ਨੇ ਫੌਰਨ ਬਾਘ ਦੀ ਆਵਾਜ਼ ਕੱਢੀ, ਜਿਹਨੂੰ ਸੁਣਦੇ ਹੀ ਭੇੜੀਆ ਦਹਿਸ਼ਤ ਦੇ ਮਾਰੇ ਭੱਜ ਖੜਾ ਹੋਇਆ।

ਭੇੜੀਏ ਨੂੰ ਦੂਰ ਭੱਜਦੇ ਵੇਖ ਕੇ ਸ਼ਿਕਾਰੀ ਇਕ ਪਲ ਲਈ ਮਨ ਹੀ ਮਨ ਖੁਸ਼ ਹੋਇਆ ਲੇਕਿਨ ਦੂਸਰੇ ਪਲ ਉਸਦੇ ਹੋਸ਼ ਇਸ ਲਈ ਉਡ ਗਏ ਕਿ ਉਸਦੇ ਦੁਆਰਾ ਕੱਢੀ ਗਈ ਬਾਘ ਦੀ ਆਵਾਜ਼ ਸੁਣ ਕੇ ਉਥੇ ਭਾਲੂ ਆ ਗਿਆ।

ਹੁਣ ਸ਼ਿਕਾਰੀ ਦੇ ਕੋਲ ਬਚਣ ਦਾ ਕੋਈ ਉਪਾਅ ਨਹੀਂ ਰਹਿ ਗਿਆ ਸੀ। ਜੰਗਲੀ ਭਾਲੂ ਨੇ ਉਹਨੂੰ ਫੜ ਕੇ ਉਠਾਇਆ ਅਤੇ ਆਪਣੀ ਗੁਫਾ ਵਿੱਚ ਲੈ ਗਿਆ ਸੀ।

ਕਾਸ਼ ! ਉਹ ਸ਼ਿਕਾਰੀ ਸੰਤ ਦੀ ਕਹੀ ਗੱਲ ਨੂੰ ਪੂਰੀ ਤਰ੍ਹਾਂ ਨਾਲ ਮੰਨ ਜਾਂਦਾ ਤਾਂ ਉਹ ਜੀਵਤ ਬਚ ਸਕਦਾ ਸੀ।



ਵਿਗਿਆਨ ਲੇਖ : ਡਾ: ਅਸ਼ੋਕ ਭਾਰਦਵਾਜ

# ਯਾਦਦਾਸ਼ਤ ਦਾ ਅਜੂਬਾ ਕੇਂਦਰ

ਅੱਜ ਦੁਨੀਆ ਦੇ ਹਰ ਖੇਤਰ ਵਿੱਚ ਕੰਪਿਊਟਰ ਨੇ ਕ੍ਰਾਂਤੀ ਲਿਆ ਦਿੱਤੀ ਹੈ। ਕੰਪਿਊਟਰ ਦੀ ਬਦੌਲਤ ਕਈ ਜਟਿਲ ਕੰਮ ਬੜੇ ਆਸਾਨ ਵੀ ਹੋਏ ਹਨ।

ਇਹ ਇਕ ਹੈਰਾਨੀ ਦੀ ਗੱਲ ਹੈ ਕਿ ਕੰਪਿਊਟਰ ਜਟਿਲ ਤੋਂ ਜਟਿਲ ਕੰਮ ਵੀ ਤੁਰੰਤ ਹੱਲ ਕਰ ਦਿੰਦਾ ਹੈ ਜਦਕਿ ਇਨਸਾਨ ਉਸ ਕੰਮ ਨੂੰ ਆਪਣੇ ਦਿਮਾਗ ਨਾਲ ਕਰਨ ਵਿੱਚ ਕਿੰਨਾ ਹੀ ਸਮਾਂ ਬਰਬਾਦ ਕਰ ਦਿੰਦਾ ਹੈ। ਹਾਂ, ਹੈਰਾਨੀ ਤਾਂ ਤਦ ਹੁੰਦੀ ਹੈ ਜਦ ਇਨਸਾਨ ਦੇ ਦਿਮਾਗ ਦੁਆਰਾ ਬਣਾਇਆ ਕੰਪਿਊਟਰ ਹੀ ਉਸ ਨੂੰ 'ਸੋਚ' ਦੀ ਦੁਨੀਆਂ ਵਿੱਚ ਪਿੱਛੇ ਛੱਡ ਦਿੰਦਾ ਹੈ, ਖੈਰ....

ਉਂਝ ਕੰਪਿਊਟਰ ਦੇ ਵਿਕਾਸ ਦੀ ਦਾਸਤਾਨ ਸੱਠ ਸਾਲ ਪੁਰਾਣੀ ਹੈ। ਦੁਨੀਆ ਦਾ ਪਹਿਲਾ ਕੰਪਿਊਟਰ ਸੰਨ 1944 ਵਿੱਚ ਹਾਰਵਰਡ ਯੁਨੀਵਰਸਿਟੀ ਅਮਰੀਕਾ ਵਿੱਚ ਬਣਾਇਆ ਗਿਆ ਸੀ। ਇਸਦਾ ਸੰਪੂਰਣ ਵਿਕਾਸ ਸਰ ਏਕਨ ਨੇ ਕੀਤਾ ਸੀ। ਹਾਂ, ਇਸਦੇ ਨਿਰਮਾਣ ਵਿਕਾਸ ਵਿੱਚ ਇੰਟਰਨੈਸ਼ਨਲ ਬਿਜਨੈਸ ਮਸ਼ੀਨ ਕਾਰਪੋਰੇਸ਼ਨ ਦਾ ਵੀ ਪੂਰਾ-ਪੂਰਾ ਸਹਿਯੋਗ ਸੀ।

ਦੁਨੀਆ ਦੇ ਪਹਿਲੇ ਕੰਪਿਊਟਰ ਦਾ ਨਾਮ 'ਏਨਿਏਕ' ਹੀ ਰਖਿਆ ਗਿਆ ਸੀ। ਇਸਦੇ ਬਾਦ ਜੋ ਕੰਪਿਊਟਰ ਬਣਿਆ ਉਹਨੂੰ 'ਹਾਰਵਰਡ ਆਈਕੇਨ ਮਾਰਕ -1' ਦਾ ਨਾਮ ਦਿੱਤਾ ਗਿਆ।

ਇਹਨਾਂ ਦੋ ਕੰਪਿਊਟਰਾਂ ਦੀ ਲੋਕਪ੍ਰਿਯਤਾ ਨੂੰ ਵੇਖਦੇ ਹੋਏ ਕਈ ਪ੍ਰਕਾਰ ਦੇ ਕੰਪਿਊਟਰਾਂ ਦਾ ਵਿਕਾਸ ਹੋਇਆ।

ਕੰਪਿਊਟਰ ਦੇ ਵਿਸ਼ੇ ਵਿੱਚ ਇਕ ਦਿਲਚਸਪ ਤੱਥ ਹੈ ਕਿ ਕੰਪਿਊਟਰ ਸਾਡੇ ਹੀ ਦਿਮਾਗ ਦੀ ਉਪਜ ਹੈ, ਲੇਕਿਨ ਕੰਪਿਊਟਰ ਸਾਡੇ ਦਿਮਾਗ ਦੇ ਮੁਕਾਬਲੇ ਗਿਣਤੀ ਐਨੀ ਤੇਜ਼ੀ ਨਾਲ ਕਰ ਸਕਦਾ ਹੈ, ਜੋ ਅਸੀਂ ਕਦੇ ਸੋਚ ਵੀ ਨਹੀਂ ਸਕਦੇ ਹਾਂ।


ਅੱਜ ਦੇ ਦੌਰ ਵਿੱਚ ਤਾਂ ਐਨੇ ਸ਼ਕਤੀਸ਼ਾਲੀ ਕੰਪਿਊਟਰ ਬਣ ਗਏ ਹਨ ਜੋ ਇਕ ਸੈਕਿੰਡ ਵਿੱਚ ਅੱਠ ਕਰੋੜ ਅੰਕਾਂ ਨੂੰ ਜੋੜ ਸਕਦੇ ਹਨ ਅਤੇ ਐਨੇ ਹੀ ਅੰਕਾਂ ਨੂੰ ਗੁਣਾਂ ਕਰ ਸਕਦੇ ਹਨ। ਕੰਪਿਊਟਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਲੈਕਟ੍ਰਾਨਿਕ ਯੰਤਰ ਹੁੰਦੇ ਹਨ। ਇਹੀ ਯੰਤਰ ਸਾਰੇ ਕੰਮ ਕਰਦੇ ਹਨ।

ਅਸਲ ਵਿੱਚ ਅਸੀਂ ਕੰਪਿਊਟਰ ਨੂੰ ਇਲੈਕਟ੍ਰਾਨਿਕ ਦਿਮਾਗ ਦੀ ਉਪਮਾ ਦੇ ਸਕਦੇ ਹਾਂ। ਜੇ ਹੱਲ ਵਿੱਚ ਕੋਈ ਗਲਤੀ ਕਰ ਦਿੰਦਾ ਹੈ ਤਾਂ ਉਸ ਨੂੰ ਖੁਦ ਠੀਕ ਵੀ ਕਰ ਸਕਦਾ ਹੈ।

ਕੰਪਿਊਟਰ ਸ਼ਤਰੰਜ, ਸਾਂਪ-ਸੀੜੀ, ਕੈਰਮ ਵਰਗੇ ਖੇਡ ਵੀ ਖੇਡ ਸਕਦਾ ਹੈ।

ਇਹ ਸੱਚ ਹੈ ਕੰਪਿਊਟਰ ਯਾਦਦਸ਼ਤ ਦਾ ਇਕ ਅਜੂਬਾ ਕੇਂਦਰ ਹੈ ਜੋ ਹਜ਼ਾਰਾਂ ਲੱਖਾਂ ਸੂਚਨਾਵਾਂ ਨੂੰ ਆਪਣੇ ਅੰਦਰ ਸੰਗ੍ਰਹਿ ਕਰ ਸਕਦਾ ਹੈ ਅਤੇ ਲੋੜ ਪੈਣ ਤੇ ਉਸ ਸੂਚਨਾ ਨੂੰ ਪ੍ਰਾਪਤ ਵੀ ਕੀਤਾ ਜਾ ਸਕਦਾ ਹੈ।

ਅੱਜ ਵਿਸ਼ਵ ਵਿੱਚ ਅਜਿਹੇ ਵੀ ਕੰਪਿਊਟਰ ਬਣ ਗਏ ਹਨ ਜੋ ਉਡਦੇ ਹੋਏ ਜ਼ਹਾਜ਼ਾਂ, ਰਾਕਟਾਂ ਅਤੇ ਮਿਸਾਈਲਾਂ ਨੂੰ ਜ਼ਮੀਨ ਤੋਂ ਹੀ ਨਿਯੰਤਰਤ ਕਰ ਸਕਦੇ ਹਨ। ਉੜਾਨ ਦੇ ਦੌਰਾਨ ਉਹਨਾਂ ਦੀ ਦਿਸ਼ਾ ਅਤੇ ਗਤੀ ਨੂੰ ਕੰਪਿਊਟਰ ਦੇ ਮਾਧਿਅਮ ਨਾਲ ਜਾਣਿਆ ਜਾ ਸਕਦਾ ਹੈ ਅਤੇ ਬਦਲਿਆ ਵੀ ਜਾ ਸਕਦਾ ਹੈ।



# ਕੀ ਤੁਸੀਂ ਜਾਣਦੇ ਹੋ



- ਵਿਸ਼ਵਨਾਥਨ ਆਨੰਦ ਸ਼ਤਰੰਜ ਦੇ ਮਹਾਨ ਭਾਰਤੀ ਖਿਡਾਰੀ ਸਨ।
- ਪ੍ਰਧਾਨਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ।
- ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਹਨ।
- ਅੱਗ ਬਰਸਾਉਣ ਵਾਲਾ ਰੁੱਖ ਮਲੇਸ਼ੀਆ ਵਿਚ ਹੈ।
- ਦੁਨੀਆ ਵਿਚ ਸਭ ਤੋਂ ਜਲਦੀ ਵੱਧਣ ਵਾਲਾ ਪੌਦਾ ਬਾਂਸ ਹੈ।
- ਸੱਤ ਪਹਾੜੀਆਂ ਦਾ ਨਗਰ ਰੋਮ ਨੂੰ ਕਹਿੰਦੇ ਹਨ।
- ਚਿਪਸ ਦੇ ਪੈਕਿਟਾਂ ਵਿਚ ਨਾਇਟਰੋਜਨ ਗੈਸ ਭਰੀ ਜਾਂਦੀ ਹੈ।
- ਲਾਲ ਸਿੰਦੂਰ ਦਾ ਰਸਾਇਣਿਕ ਨਾਮ ਲੇਡ ਪਰਾਕਸਾਈਡ ਹੈ
- ਸੱਤਰੰਗੀ ਪੀਂਘ ਹਮੇਸ਼ਾ ਸੂਰਜ ਦੀ ਉਲਟ ਦਿਸ਼ਾ ਵਿਚ ਬਣਦੀ ਹੈ।
- AB ਗਰੁਪ ਵਾਲਾ ਮਨੁੱਖ ਕਿਸੇ ਵੀ ਗਰੁਪ ਦਾ ਬਲਡ ਲੈ ਸਕਦਾ ਹੈ।
- ਭਾਰਤ ਦੀ ਸਭ ਤੋਂ ਵੱਧ ਗੀਤਾਂ ਵਾਲੀ ਫਿਲਮ (ਇੰਦਰਸਭਾ) ਹੈ। ਇਸ ਵਿਚ ਕੁੱਲ 72 ਗੀਤ ਹਨ।
- ਚੀਨ ਦਾ ਸਭ ਤੋਂ ਵੱਧ ਅਬਾਦੀ ਵਾਲਾ ਸ਼ਹਿਰ ਸ਼ੰਘਾਈ ਹੈ।
- ਹਾਕੀ ਭਾਰਤ ਦਾ ਰਾਸ਼ਟਰੀ ਖੇਡ ਹੈ।
- ਮਿਲਖਾ ਸਿੰਘ ਨੂੰ ਉਡੱਣਾ ਸਿੱਖ ਦੇ ਨਾਂ ਨਾਲ ਜਾਣਿਆ ਜਾਂਦਾ ਹੈ।
- ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਦੀ ਕੁਲ ਸਮਰਥਾ 1680 ਫੁੱਟ ਹੈ।
- ਮੋਬਾਇਲ ਨੰਬਰ ਪੋਰਟੇਬਿਲਟੀ ਸਰਵਿਸ ਸਭ ਤੋਂ ਪਹਿਲਾਂ ਹਰਿਆਣਾ ਵਿਚ ਸ਼ੁਰੂ ਹੋਈ ਸੀ।
- ਮੁਰਾਦਾਬਾਦ ਸ਼ਹਿਰ ਪਿੱਤਲ ਦੇ ਬਰਤਨਾਂ ਲਈ ਮਸ਼ਹੂਰ ਹੈ।
- ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ।
- ਪਾਂਡਵਾਂ ਦੇ ਕਾਲ ਵਿਚ ਦਿੱਲੀ ਨੂੰ ਇੰਦਰਪ੍ਰਸਥ ਦੇ ਨਾਂ ਨਾਲ ਜਾਣਿਆ ਜਾਂਦਾ ਸੀ।
- ਸ਼ੁਤਰਮੁਰਗ ਕੰਕੜ ਪੱਥਰ ਵੀ ਖਾ ਸਕਦਾ ਹੈ।
- ਸੂਰਜ ਦੀ ਰੌਸ਼ਨੀ ਪਾਣੀ ਦੇ ਅੰਦਰ ਵੱਧ ਤੋਂ ਵੱਧ 400 ਮੀਟਰ ਦੀ ਦੂਰੀ ਤਕ ਜਾ ਸਕਦੀ ਹੈ।
- ਭਾਰਤ ਵਿਚ ਸਭ ਤੋਂ ਵੱਡਾ ਹੋਟਲ ਦੱਖਣੀ ਮੁੰਬਈ ਵਿਚ ''ਉਬਰਾਏ'' ਹੈ ਜੋ ਸਮੁੰਦਰ ਦੇ ਕਿਨਾਰੇ ਬਣਿਆ ਹੈ।
- ਭਾਰਤ ਪਾਕਿਸਤਾਨ ਦੀ ਸੀਮਾ ਨੂੰ ਨਿਰਧਾਰਿਤ ਕਰਨ ਵਾਲੀ ਲਾਈਨ ਨੂੰ ''ਰੈਡ ਕਲੀਫ ਲਾਈਨ'' ਕਿਹਾ ਜਾਂਦਾ ਹੈ।
- ਅੰਗਹੀਨ ਵਿਅਕਤੀਆਂ ਲਈ ਵਿਸ਼ੇਸ਼ ਰੂਪ ਨਾਲ ਬਣਾਏ ਗਏ ਕੰਪਿਊਟਰ ਦਾ ਨਾਂ ਹੈ ''ਆਲ ਰਾਈਟ''।
- ਨਾਇਰਸ ਆਕਸਾਈਡ ਇਕ ਅਜੇਹੀ ਗੈਸ ਹੈ ਜਿਸ ਨੂੰ ਸੁੰਘਣ ਨਾਲ ਮਨੁੱਖ ਹੱਸਣ ਲੱਗ ਜਾਂਦਾ ਹੈ।

ਸੰਗ੍ਰਿਹਕਰਤਾ - ਪ੍ਰਿਤਪਾਲ ਸਾਦਿਕ

ਕਹਾਣੀ - ਰਾਧੇਲਾਲ ਨਵਚੱਕਰ

# ਘੜੀ ਦੀ ਜਨਮਕਥਾ

ਅੱਜ ਸਵੇਰੇ ਸਵੇਰੇ ਦਾਦਾ ਜੀ ਘਰੋਂ ਬਾਹਰ ਨਿਕਲ ਗਏ। ਕਿਸੇ ਨੂੰ ਦੱਸਿਆ ਵੀ ਨਹੀਂ। ਸ਼ਾਇਦ ਕਿਸੇ ਜ਼ਰੂਰੀ ਕੰਮ ਤੋਂ ਬਾਹਰ ਨਿਕਲੇ ਸਨ। ਕਦੋਂ ਆਉਣਗੇ ਕੁਝ ਪਤਾ ਨਹੀਂ।

ਚੰਦਨ ਨੇ ਵੰਦਨਾਂ ਤੋਂ ਪੁੱਛਿਆ - ਕੁਝ ਖਬਰ ਹੈ ਕਿ ਦਾਦਾ ਜੀ ਕਦੋਂ ਆਉਣਗੇ?

ਨਹੀਂ ਤਾਂ ! ਵੰਦਨਾ ਨੇ ਪੁੱਛਿਆ ਕਿ ਗੱਲ ਕੀ ਹੈ?

ਪਗਲੀ ! ਅੱਜ ਐਤਵਾਰ ਹੈ।

ਵੰਦਨਾ ਨੇ ਪੁੱਛਿਆ - ਤਾਂ ਫਿਰ ?

ਤੂੰ ਅਜੇ ਤਕ ਨਹੀਂ ਸਮਝੀ? ਅੱਜ ਦਾਦਾ ਜੀ ਦੇ ਕਹਾਣੀ ਸੁਨਾਉਣ ਦਾ ਦਿਨ ਹੈ।

ਹਾਂ - ਵੰਦਨਾ ਚਹਿਕ ਉਠੀ।

ਉਸੇ ਵਕਤ ਮਧੁਲਿਕਾ, ਅਰਚਨਾ ਅਤੇ ਮੋਨੂੰ ਵੀ ਉਥੇ ਆ ਗਏ ਪਰ ਦਾਦਾ ਜੀ ਦਾ ਕਮਰਾ ਬੰਦ ਪਿਆ ਸੀ। ਤਾਲਾ ਲਗਿਆ ਸੀ।

ਮਧੁਲਿਕਾ ਨੇ ਕਿਹਾ- ਫਿਰ ਅਸੀਂ ਇਸ ਤਰ੍ਹਾਂ ਕਰਦੇ ਹਾਂ ਕਿ ਆਪਣੀ ਆਪਣੀ ਪੜਾਈ ਦਾ ਕੰਮ ਪੂਰਾ ਕਰ ਲੈਂਦੇ ਹਾਂ। ਫਿਰ ਜਦੋਂ ਦਾਦਾ ਜੀ ਆਉਣਗੇ ਉਹਨਾਂ ਤੋਂ ਕਹਾਣੀ ਸੁਣ ਲਵਾਂਗੇ।

ਸਹੀ ਕਿਹਾ ! ਸਾਰਿਆਂ ਨੇ ਗੱਲ ਮੰਨ ਲਈ।

ਬੱਚੇ ਪੜਨ ਲਈ ਬੈਠ ਗਏ। ਕਰੀਬ ਤਿੰਨ ਘੰਟੇ ਬਾਅਦ ਦਾਦਾ ਜੀ ਘਰ ਵਾਪਸ ਆਏ। ਆਪਣਾ ਕਮਰਾ ਖੋਲਿਆ। ਦੀਵਾਰ ਘੜੀ ਜੋ ਨਾਲ ਲੈ ਕੇ ਆਏ ਸਨ ਉਸਨੂੰ ਟੰਗ ਦਿੱਤਾ। ਫਿਰ ਕੁਰਸੀ ਤੇ ਬੈਠ ਕੇ ਅਰਾਮ ਕਰਨ ਲੱਗ ਗਏ।

ਬੱਚਿਆਂ ਨੂੰ ਦਾਦਾ ਜੀ ਦੇ ਆਉਣ ਦੀ ਖਬਰ ਮਿਲ ਗਈ ਸੀ। ਬੱਚੇ ਆਪਣੀ ਪੜਾਈ ਦਾ ਕੰਮ ਵੀ ਪੂਰਾ ਕਰ ਚੁੱਕੇ ਸਨ।

ਦੁਪਹਿਰ ਨੂੰ ਬੱਚੇ ਦਾਦਾ ਜੀ ਕੋਲ ਆ ਗਏ। ਹੁਣ ਦਾਦਾ ਜੀ ਵੀ ਕਹਾਣੀ ਸੁਣਾਉਣ ਲਈ ਮਾਨਸਿਕ ਤੌਰ ਤੇ ਤਿਆਰ ਸਨ।

ਦਾਦਾ ਜੀ ਨੇ ਬੱਚਿਆਂ ਨੂੰ ਕਿਹਾ - ਸਾਹਮਣੇ ਜੋ ਦੀਵਾਰ ਘੜੀ ਵੇਖ ਰਹੇ ਹੋ ਇਹ ਕਰੀਬ ਇਕ ਹਫਤੇ ਤੋਂ ਘੜੀ ਵਾਲੇ ਕੋਲ ਠੀਕ ਕਰਨ ਲਈ ਪਈ ਹੋਈ ਸੀ।

ਘੜੀ ਖਰਾਬ ਹੋ ਗਈ ਸੀ? ਵਿਚਕਾਰ ਹੀ ਮੋਨੂੰ ਬੋਲ ਪਿਆ।

ਹਾਂ ! ਦਾਦਾ ਜੀ ਨੇ ਕਿਹਾ - ਦੁਕਾਨ ਤੇ ਘੜੀ





ਵਾਲੇ ਨਾਲ ਮੇਰੀ ਮੁਲਾਕਾਤ ਹੀ ਨਹੀਂ ਹੁੰਦੀ ਸੀ। ਉਸਦਾ ਨੌਕਰ ਹੀ ਦੁਕਾਨ ਤੇ ਬੈਠਾ ਰਹਿੰਦਾ ਸੀ। ਘੜੀ ਤੋਂ ਬਿਨਾ ਮੈਨੂੰ ਹਰ ਕੰਮ ਵਿਚ ਪਰੇਸ਼ਾਨੀ ਹੁੰਦੀ ਸੀ। ਅੱਜ ਐਤਵਾਰ ਹੈ। ਸੋਚਿਆ ਦੁਕਾਨ ਬੰਦ ਹੋਵੇਗੀ। ਤਾਂ ਮੈ ਘੜੀ ਵਾਲੇ ਦੇ ਘਰ ਚਲਾ ਗਿਆ ਉਸ ਨੂੰ ਉਥੋਂ ਲੈ ਕੇ ਦੁਕਾਨ ਤੇ ਗਿਆ ਅਤੇ ਘੜੀ ਠੀਕ ਕਰਵਾਈ। ਫਿਰ ਲੈ ਕੇ ਆਇਆ। ਸਵੇਰ ਤੋਂ ਇਹੀ ਚੱਕਰ ਸੀ।

ਸਵੇਰੇ ਸਵੇਰੇ ਦਾਦਾ ਜੀ ਦੇ ਗਾਇਬ ਹੋਣ ਦਾ ਕਾਰਣ ਬੱਚਿਆਂ ਨੂੰ ਪਤਾ ਲੱਗ ਗਿਆ।

ਹੁਣ ਤਾਂ ਤੁਸੀਂ ਕਹਾਣੀ ਸੁਣਾਉਗੇ ਨਾ? ਮੋਨੂੰ ਨੇ ਸਵਾਲੀਆ ਨਜ਼ਰ ਦਾਦਾ ਜੀ ਤੇ ਪਾਈ।

ਦਾਦਾ ਜੀ ਨੇ ਕਿਹਾ – ਜ਼ਰੂਰ !

ਦਾਦਾ ਜੀ ਅੱਜ ਤੁਸੀਂ ਸਾਨੂੰ ਘੜੀ ਦੀ ਹੀ ਜਨਮਕਥਾ ਸੁਣਾਉ – ਮਧੁਲਿਕਾ ਨੇ ਕਿਹਾ।

ਹਾਂ ਹਾਂ – ਸਭ ਬੱਚਿਆਂ ਨੇ ਕਿਹਾ।

ਦਾਦਾ ਜੀ ਮੰਨ ਗਏ। ਅੱਜ ਤੁਸੀਂ ਘੜੀ ਦੀ ਹੀ ਜਨਮਕਥਾ ਸੁਣੋਂ।

ਚੰਗੀ ਤਰ੍ਹਾਂ ਗਲਾ ਸਾਫ ਕਰਕੇ ਦਾਦਾ ਜੀ ਨੇ ਕਹਾਣੀ ਸ਼ੁਰੂ ਕੀਤੀ। ਜਰਮਨੀ ਵਿਚ ਇਕ ਵਿਅਕਤੀ ਸੀ ਜਿਸਦਾ ਨਾਂ ਸੀ, ਲੋਹਾਰ ਪੀਟਰ ਹੇਨਲੇਨ। ਉਹ ਦੁਨੀਆਂ ਦਾ ਸਭ ਤੋਂ ਪਹਿਲਾ ਘੜੀ ਨਿਰਮਾਤਾ ਸੀ। ਉਸ ਨੇ 1500 ਈਸਵੀ ਵਿਚ ਇਕ ਘੜੀ ਬਣਾਈ। ਇਸ ਘੜੀ ਨੂੰ ਬਨਾਉਣ ਵਿਚ ਹੇਨਲੇਨ ਨੂੰ ਕਰੀਬ ਦੋ ਸਾਲ ਦੀ ਸਖਤ ਮਿਹਨਤ ਕਰਨੀ ਪਈ।

ਮਧੁਲਿਕਾ ਨੇ ਕਿਹਾ – ਬਿਲਕੁਲ ਠੀਕ ਦਾਦਾ ਜੀ ਇਹ ਸਿਹਰਾ ਹੇਨਲੇਨ ਨੂੰ ਹੀ ਬੱਝਦਾ ਹੈ।

ਹੇਨਲੇਨ ਦੀ ਘੜੀ ਕਿਹੋ ਜਿਹੀ ਸੀ? ਚੰਦਨ ਨੇ ਪੁੱਛਿਆ।

ਉਸਦੀ ਘੜੀ ਡ੍ਰਮ ਦੇ ਅਕਾਰ ਦੀ ਸੀ ਜੋ ਕਿ ਛੇ ਇੰਚ ਉਚੀ ਸੀ। ਦਾਦਾ ਜੀ ਨੇ ਅੱਗੇ ਦੱਸਿਆ ਕਿ ਇਹ ਘੜੀ ਲੋਹੇ ਦੀ ਬਣੀ ਹੋਈ ਸੀ।

ਹਾਂ ! ਵੰਦਨਾ ਨੇ ਹੁੰਗਾਰਾ ਦਿੱਤਾ।

ਇਸ ਪਹਿਲੀ ਘੜੀ ਵਿਚ ਇਕ ਸੂਈ ਸੀ। ਇਕ ਘੰਟੇ ਵਾਲੀ ਸੂਈ। ਦਾਦਾ ਜੀ ਨੇ ਕਿਹਾ – ਇਸ ਵਿਚ ਇਕ ਗੜਬੜ ਵੀ ਸੀ।

ਮਧੁਲਿਕਾ ਨੇ ਕਿਹਾ – ਉਹ ਕੀ ?

ਘੰਟੇ ਵਾਲੀ ਸੂਈ ਕਦੇ ਇਕ ਘੰਟਾ ਅੱਗੇ ਅਤੇ ਕਦੇ ਇਕ ਘੰਟਾ ਪਿੱਛੇ ਚਲਦੀ ਸੀ। ਉਸਨੇ ਘੜੀ ਦੇ ਨਾਂ ਤੇ ਇਕ ਚੀਜ਼ ਤਿਆਰ ਕੀਤੀ ਅਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਸਮੇਂ ਦੀ ਮੋਟੀ ਜਾਣਕਾਰੀ ਉਸਨੇ ਸਾਨੂੰ ਇਸ ਘੜੀ ਦੁਆਰਾ

ਦਿੱਤੀ। ਉਸਦੀ ਸ਼ੁਰੂ ਦੀ ਇਸ ਕੋਸ਼ਿਸ਼ ਨੂੰ ਘੱਟ ਮਹੱਤਵਪੂਰਣ ਨਹੀਂ ਮੰਨਿਆ ਜਾ ਸਕਦਾ।

ਫਿਰ ਕੀ ਹੋਇਆ? ਮੋਨੂੰ ਨੇ ਸਵਾਲ ਕੀਤਾ।

ਸੰਨ 1504 ਈਸਵੀ ਵਿਚ ਹੇਨਲੇਨ ਦੀ ਬਣਾਈ ਘੜੀ ਬਜ਼ਾਰ ਵਿਚ ਆ ਗਈ। ਇਹ ਅਕਾਰ ਵਿਚ ਵੱਡੀ ਸੀ। ਸੁਵਿਧਾਪੂਰਣ ਬਣਾਉਣ ਦੇ ਖਿਆਲ ਨਾਲ ਇਸਦੇ ਅਕਾਰ ਨੂੰ ਛੋਟਾ ਕਰਨ ਦੀ ਕੋਸ਼ਿਸ਼ ਜਾਰੀ ਸੀ। ਦਾਦਾ ਜੀ ਕਹਿੰਦੇ ਕਹਿੰਦੇ ਖਾਂਸੀ ਕਰਨ ਲੱਗੇ। ਗਲਾ ਸਾਫ ਕਰਨ ਤੋਂ ਬਾਅਦ ਦਾਦਾ ਜੀ ਕਹਿਣ ਲੱਗੇ - ਹੇਨਲੇਨ ਦੇ ਸਮੇਂ ਦੀ ਘੜੀ ਅੱਜ ਵੀ ਮੌਜੂਦ ਹੈ।

ਕਿੱਥੇ ਹੈ ਉਹ ਘੜੀ? ਮੋਨੂੰ ਨੇ ਪੁੱਛਿਆ।

ਦਾਦਾ ਜੀ ਨੇ ਬੱਚਿਆਂ ਨੂੰ ਜਾਣਕਾਰੀ ਦਿੱਤੀ - ਫਿਲੇਡੇਲਫਿਆ ਮੈਮੋਰੀਅਲ ਹਾਲ ਮਿਊਜ਼ੀਅਮ ਵਿਚ।

ਇਹ ਕਿੱਥੇ ਹੈ?

ਦਾਦਾ ਜੀ ਬੋਲੇ - ਜਰਮਨੀ ਵਿਚ।

ਅੱਗੇ ਦਾਦਾ ਜੀ? ਅਰਚਨਾ ਧਿਆਨ ਨਾਲ ਦਾਦਾ ਜੀ ਦੀ ਗੱਲ ਸੁਣ ਰਹੀ ਸੀ।

ਦਾਦਾ ਜੀ ਨੇ ਅੱਗੇ ਕਿਹਾ - ਕੁਝ ਸਮੇਂ ਬਾਅਦ ਇਕ ਛੋਟੀ ਘੜੀ ਬਣਾਈ ਗਈ। ਜਿਸ ਨੂੰ ਔਰਤਾਂ ਗਲੇ ਦੇ ਹਾਰ ਵਿਚ ਪੈਂਡੁਲਮ ਦੀ ਤਰ੍ਹਾਂ ਇਸਤੇਮਾਲ ਕਰਨ ਲੱਗੀਆਂ।

ਬਹੁਤ ਖੂਬ ! ਵੰਦਨਾ ਚਹਿਕੀ।

ਕਈ ਸੋਹਣੇ ਡਿਜ਼ਾਇਨਾਂ ਵਿਚ ਘੜੀਆਂ ਬਣਨ ਲੱਗ ਪਈਆਂ। ਪਹਿਲੇ ਵਿਸ਼ਵਯੁੱਧ ਤੋਂ ਪਹਿਲਾਂ ਘੜੀਆਂ ਜੇਬ ਵਿਚ ਰੱਖੀਆਂ ਜਾਦੀਆਂ ਸਨ। ਯੁੱਧ ਦੇ ਦੌਰਾਨ ਸੈਨਿਕਾਂ ਨੂੰ ਇਹੋ ਜਿਹੀਆਂ ਘੜੀਆਂ ਵੇਖਣ ਵਿਚ ਮੁਸ਼ਕਿਲ ਹੁੰਦੀ ਸੀ।

ਕਿਹੋ ਜਿਹੀ ਮੁਸ਼ਕਿਲ ? ਚੰਦਨ ਨਹੀ ਸਮਝ ਸਕਿਆ।

ਜਦੋਂ ਸੈਨਿਕ ਕਿਸੇ ਖਾਈ ਵਿਚ ਛੁਪੇ ਹੁੰਦੇ ਸਨ ਜਾਂ ਦਲਦਲ ਵਿਚ ਫਸੇ ਹੁੰਦੇ ਸਨ ਤਾਂ ਉਹਨਾਂ ਦੇ ਹੱਥ ਵੀ ਫਸੇ ਹੁੰਦੇ ਸਨ। ਇਸ ਦੌਰਾਨ ਜੇਬ ਵਿਚੋਂ ਘੜੀ ਕੱਢ ਕੇ ਸਮਾਂ ਵੇਖਣਾ ਸੰਭਵ ਨਹੀਂ ਹੁੰਦਾ ਸੀ। ਦਾਦਾ ਜੀ ਬੋਲਦੇ ਰਹੇ। ਫਿਰ ਇਸ ਤੋਂ ਵੀ ਜ਼ਿਆਦਾ ਸੁਵਿਧਾਜਨਕ ਘੜੀ ਬਨਾਉਣ ਬਾਰੇ ਸੋਚਿਆ ਜਾਣ ਲੱਗਾ।

ਮਨੁੱਖ ਦੀ ਖੋਪੜੀ ਦੇ ਅਕਾਰ ਦੀ ਘੜੀ ਸਕਾਟਲੈਂਡ ਵਿਚ ਮੇਰੀ ਕਵੀਨ ਦੇ ਕੋਲ ਸੀ। ਇਹ ਸਭ ਘੜੀਆਂ ਅਸੁਵਿਧਾਜਨਕ ਸਨ। ਫਿਰ ਘੜੀ ਬਨਾਉਣ ਵਾਲੇ ਦਾ ਧਿਆਨ ਕਲਾਈ ਤੇ ਬੰਨਣ ਵਾਲੀ ਘੜੀ ਬਨਾਉਣ ਤੇ ਗਿਆ। ਜਾਣਦੇ ਹੋ ਪਹਿਲੀ ਕਲਾਈ ਘੜੀ ਕਦੋਂ ਬਣੀ?

ਸੰਨ 1581 ਦੇ ਕੋਲ ਬਣੀ। ਇਹ ਘੜੀ ਇੰਗਲੈਂਡ ਦੀ ਮਹਾਰਾਨੀ ਅਲੀਜ਼ਾਬੇਥ ਨੂੰ ਉਪਹਾਰ ਸਰੂਪ ਦਿੱਤੀ ਗਈ। ਸੋਨੇ ਦੀ ਬਣੀ ਇਸ ਘੜੀ ਵਿਚ ਹੀਰੇ ਲੱਗੇ ਸਨ। ਇਹ ਕਾਫੀ ਕੀਮਤੀ ਘੜੀ ਸੀ। ਇਸ ਵਿਚ ਵੀ ਇਕ ਹੀ ਸੂਈ ਸੀ।

ਕਹਿੰਦੇ ਕਹਿੰਦੇ ਦਾਦਾ ਜੀ ਨੂੰ ਫਿਰ ਖਾਂਸੀ ਆ ਗਈ। ਗਲਾ ਸਾਫ ਕਰਨ ਤੋਂ ਬਾਅਦ ਉਹ ਫਿਰ ਬੋਲਣ ਲੱਗੇ - ਸੰਨ 1676 ਈਸਵੀ ਵਿਚ ਘੜੀ



ਵਿਚ ਹੋਰ ਵੀ ਸੁਧਾਰ ਹੋਇਆ। ਹੁਣ ਘੜੀ ਵਿਚ ਦੋ ਸੂਈਆਂ ਦਾ ਪ੍ਰਯੋਗ ਹੋਣ ਲੱਗਾ। ਚਾਬੀ ਵਾਲੀ ਘੜੀ ਸੰਨ 1708 ਈਸਵੀ ਵਿਚ ਪਹਿਲੀ ਵਾਰ ਆਈ। ਸਵਿਟਜ਼ਰਲੈਂਡ ਇਸ ਵਿਚ ਸਭ ਤੋਂ ਅੱਗੇ ਰਿਹਾ। ਦੀਵਾਰ ਘੜੀ ਵੀ ਬਣੀ।

ਕੀ ਕਹਾਣੀ ਖਤਮ ਹੋ ਗਈ? ਮਧੁਲਿਕਾ ਪੁੱਛ ਬੈਠੀ।

ਜਵਾਬ ਮਿਲਿਆ – ਨਹੀਂ।

ਉਸਦੇ ਬਾਅਦ ਕੀ ਹੋਇਆ? ਅਰਚਨਾ ਨੇ ਪੁੱਛਿਆ।

ਘੜੀ ਵਿਚ ਘੰਟੇ ਦੀ ਸੂਈ ਨਾਲ ਸੈਕਿੰਡ ਦੀ ਸੂਈ ਵੀ ਜੁੜ ਗਈ। ਅਲਾਰਮ ਘੜੀ ਵੀ ਬਣੀ। ਇਹੀ ਨਹੀਂ, ਘੜੀ ਵਿਚ ਕੈਲੇਂਡਰ ਅਤੇ ਕੈਲਕੁਲੇਟਰ ਵੀ ਲਗਾਇਆ ਗਿਆ। ਬੋਲਣ ਵਾਲੀ ਘੜੀ ਦੀ ਵੀ ਖੋਜ ਹੋਈ। ਕਹਿੰਦੇ ਕਹਿੰਦੇ ਦਾਦਾ ਜੀ ਚੁੱਪ ਹੋ ਗਏ।

ਬੋਲਣ ਵਾਲੀ ਘੜੀ ਕਿਸ ਤਰ੍ਹਾਂ ਦੀ ਹੁੰਦੀ ਸੀ। ਮੋਨੂੰ ਨੇ ਪੁੱਛਿਆ।

ਇਸ ਵਿਚ ਬਹੁਤ ਛੋਟਾ ਸਪੀਕਰ ਲੱਗਿਆ ਹੁੰਦਾ ਸੀ। ਬਟਨ ਦਬਾਉਣ ਤੇ ਅਵਾਜ਼ ਆਉਂਦੀ ਸੀ ਕਿ ਕੀ ਸਮਾਂ ਹੋ ਰਿਹਾ ਹੈ। ਦਾਦਾ ਜੀ ਨੇ ਸਭ ਨੂੰ ਜਾਣਕਾਰੀ ਦਿੱਤੀ।

ਅਰੇ ਵਾਹ ! ਸਭ ਨੇ ਹੈਰਾਨ ਹੋ ਕੇ ਕਿਹਾ, ਇਹੋ ਜਿਹੀ ਵੀ ਘੜੀ ਬਣੀ ਹੈ?

ਬਿਲਕੁਲ, ਦਾਦਾ ਜੀ ਬੋਲੇ – ਸ਼ੁਰੂ ਵਿਚ ਆਦਮੀ ਕਲਾਈ ਉਤੇ ਘੜੀ ਨਹੀਂ ਪਾਉਂਦੇ ਸਨ। ਉਸ ਘੜੀ ਦੀ ਉਪਯੋਗਿਤਾ ਔਰਤਾਂ ਲਈ ਹੀ ਸਮਝੀ ਜਾਂਦੀ ਸੀ ਪਰੰਤੂ ਜਦ ਸੈਨਿਕਾਂ ਨੇ ਕਲਾਈ ਘੜੀ ਨੂੰ ਆਪਣੀ ਕਲਾਈ ਉਤੇ ਬੰਨਣਾ ਸ਼ੁਰੂ ਕੀਤਾ ਤਾਂ ਹੌਲੀ ਹੌਲੀ ਇਹ ਸ਼ੌਕ ਆਮ ਲੋਕਾਂ ਵਿਚ ਆਉਂਦਾ ਗਿਆ ਅਤੇ ਪੁਰਸ਼ਾਂ ਨੇ ਵੀ ਆਪਣੀਂ ਕਲਾਈ ਉਤੇ ਘੜੀ ਬੰਨਣਾ ਸ਼ੁਰੂ ਕਰ ਦਿੱਤਾ। ਅੱਜ ਔਰਤਾਂ ਅਤੇ ਪੁਰਸ਼ ਦੋਵੇਂ ਹੀ ਆਪਣੀ ਕਲਾਈ ਉਤੇ ਘੜੀ ਬੰਨਣ ਲੱਗ ਗਏ ਹਨ। ਪਰੰਤੂ ਇਕ ਫਰਕ ਅਜੇ ਵੀ ਹੈ। ਔਰਤਾਂ ਲਈ ਜੋ ਘੜੀ ਬਣਦੀ ਹੈ ਉਹਨਾਂ ਦਾ ਡਿਜ਼ਾਈਨ



ਅਤੇ ਬਨਾਵਟ ਪੁਰਸ਼ਾਂ ਦੇ ਮੁਕਾਬਲੇ ਵੱਖਰੀ ਹੋਇਆ ਕਰਦੀ ਹੈ। ਦਾਦਾ ਜੀ ਨੇ ਕਹਾਣੀ ਖਤਮ ਕਰਦੇ ਹੋਏ ਕਿਹਾ – ਇਸ ਤਰ੍ਹਾਂ ਘੜੀ ਦੀ ਜਨਮਕਥਾ ਅਤੇ ਉਸਦੇ ਵਿਕਾਸ ਦੀ ਕਹਾਣੀ ਘੱਟ ਰੋਚਕ ਨਹੀਂ ਹੈ। ਅੱਜ ਕੱਲ ਤਾਂ ਇਹੋ ਜਿਹੀ ਘੜੀਆਂ ਵੀ ਤੁਸੀਂ ਵੇਖੀਆਂ ਹੋਣਗੀਆਂ ਜਿਸ ਵਿਚ ਤਾਂ ਸੂਈਆਂ ਹੀ ਨਹੀਂ ਹੁੰਦੀਆਂ। ਉਹਨਾਂ ਵਿਚ ਚਾਰ ਜਾਂ ਛੇ ਖਾਨੇ ਹੁੰਦੇ ਹਨ ਅਤੇ ਉਹਨਾਂ ਵਿਚ ਹੀ ਅੰਕ ਦਿਖਾਈ ਦਿੰਦੇ ਹਨ। ਖੱਬੇ ਪਾਸੇ ਤੋਂ ਪਹਿਲੇ ਦੋ ਅੰਕ ਘੰਟੇ ਵਿਚਕਾਰ ਦੇ ਦੋ ਅੰਕ ਮਿੰਟ ਅਤੇ ਅੰਤ ਦੇ ਦੋ ਅੰਕ ਸੈਕਿੰਡ ਨੂੰ ਦਰਸ਼ਾਂਦੇ ਹਨ।

''ਹਾਂ ਹਾਂ ਵੇਖੇ ਹਨ। ! ਬੱਚੇ ਇਕੱਠੇ ਬੋਲ ਪਏ।

ਹੁਣ ਜਾਉ ! ਦਾਦਾ ਜੀ ਨੇ ਫੁਰਸਤ ਦਾ ਸਾਹ ਲਿਆ। ■

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਭਗਵਾਨ ਸ਼੍ਰੀਰਾਮ
2) ਭੀਮ
3) ਸਿੱਕਿਮ
4) ਮਲਯਾਲਮ
5) ਏ ਪੀ ਜੇ ਅਬਦੁਲ ਕਲਾਮ
6) ਰਿਸ਼ੀ ਗੌਤਮ
7) ਅਸਮ
8) ਰੋਮ
9) ਸਰਵਨਾਮ
10) ਵੰਦੇਮਾਤਰਮ
11) ਓਸਿਮਿਯਮ
12) ਪਰਸ਼ੂਰਾਮ
13) ਜਿਹਲਮ
14) ਹੇ ਰਾਮ
15) ਓਮ ਸ਼ਬਦ ਤੋਂ

(ਪੰਛੀ ਜਗਤ) : ਦੀਪਾਂਸ਼ੂ ਜੈਨ

# ਵਿਚਿੱਤਰ ਪੰਛੀ ਪੇਂਗੁਇਨ

ਛੋਟੇ-ਛੋਟੇ ਖੰਭ ਇਕ-ਦੂਸਰੇ ਤੇ ਇਸ ਤਰ੍ਹਾਂ ਚੜੇ ਹੋਏ, ਜਿਵੇਂ ਖੰਭਾਂ ਦੀ ਖਪਰੈਲ ਬਣਾ ਕੇ ਪਿੱਠ ਤੇ ਟਿਕਾ ਦਿੱਤੀ ਹੋਵੇ। ਇਹ ਛੋਟੇ ਲੇਕਿਨ ਮੋਟੇ ਪੈਰਾਂ ਤੇ ਆਪਣੇ ਭਾਰੀ ਸਰੀਰ ਨੂੰ ਸੰਭਾਲਦੇ, ਚੁੰਝ ਥੋੜੀ ਝੁਕਾ ਕੇ ਜਦ ਬਰਫ ਤੇ ਚਲਦਾ ਹੈ, ਤਾਂ ਇੰਝ ਲੱਗਦਾ ਹੈ ਜਿਵੇਂ ਕੋਈ ਬੌਨਾ ਰੰਗ-ਬਿਰੰਗਾ ਕਪੜਾ ਲਪੇਟੇ ਚਲਾ ਜਾ ਰਿਹਾ ਹੋਵੇ।

ਇਹ ਪੇਂਗੁਇਨ ਪੰਛੀ ਹੈ, ਦੱਖਣੀ ਧਰੁਵ ਪ੍ਰਦੇਸ਼ ਦਾ ਨਿਵਾਸੀ। ਵੇਖਣ ਵਿੱਚ ਜਿੰਨਾ ਅਜੀਬ, ਓਨੀਆਂ ਹੀ ਵਿਚਿੱਤਰ ਆਦਤਾਂ ਹਨ ਇਸ ਦੀਆਂ। ਪਾਣੀ ਵਿੱਚ ਰਹਿੰਦਾ ਹੈ, ਆਂਡੇ ਦਿੰਦਾ ਹੈ ਸੁੱਕੇ ਵਿੱਚ। ਆਂਡੇ ਦੇਣ ਲਈ ਇਕਦਮ ਇਕਾਂਤ, ਸ਼ਾਂਤ ਵਾਤਾਵਰਣ ਚਾਹੀਦਾ ਹੈ, ਜਿਥੇ ਕਿਸੇ ਦੁਸ਼ਮਣ ਦੇ ਆਉਣ ਦਾ ਸ਼ੱਕ ਨਾ ਹੋਵੇ। ਅਜਿਹੇ ਸਥਾਨ ਦੀ ਭਾਲ ਵਿੱਚ ਇਹਨੂੰ ਮੀਲਾਂ ਤਕ ਚੱਲਣਾ ਪਏ ਤਾਂ ਵੀ ਚਲਦਾ ਹੈ। ਇਥੋਂ ਤਕ ਕਿ ਦੱਖਣੀ ਧਰੁਵ ਦਾ ਇਹ ਪੰਛੀ ਭੂਮਧਰੇਖਾ ਦੇ ਨੇੜੇ ਦੱਖਣ ਅਫਰੀਕਾ ਅਤੇ ਦੱਖਣ ਅਮਰੀਕਾ ਦੇ ਕਿਨਾਰੇ ਦੇ ਟਾਪੂਆਂ ਤੇ ਵੀ ਵੇਖਿਆ ਜਾਂਦਾ ਹੈ। ਐਨੀ ਦੂਰ ਇਹ ਕਿਵੇਂ ਚਲੇ ਜਾਂਦੇ ਹਨ, ਜਾਣਦੇ ਹੋ ਤੁਸੀਂ?

ਧਰੁਵ ਪ੍ਰਦੇਸ਼ ਵੱਲੋਂ ਉਤਰ ਵੱਲ ਠੰਡੀਆਂ ਜਲ ਧਰਾਵਾਂ ਚਲਦੀਆਂ ਹਨ। ਇਹ ਠੰਡੀਆਂ ਧਾਰਾਵਾਂ ਪੇਂਗੁਇਨ ਨੂੰ ਉਥੋਂ ਤਕ ਪਹੁੰਚਾਉਣ ਵਿੱਚ ਮਦਦ ਕਰਦੀਆਂ ਹਨ।

ਆਪ ਸੋਚਦੇ ਹੋਵੋਗੇ ਕਿ ਜਦ ਇਹ ਐਨੀ ਦੂਰ ਚਲਾ ਜਾਂਦਾ ਹੈ, ਤਾਂ ਉਡੱ ਕੇ ਜਾਂਦਾ ਹੋਵੇਗਾ। ਨਹੀਂ, ਆਪਣੇ ਛੋਟੇ ਖੰਭਾਂ ਦੇ ਕਾਰਣ ਇਹ ਕਦੇ ਵੀ ਉਡੱ ਨਹੀਂ ਸਕਦਾ। ਹਾਂ, ਤੈਰਦਾ ਬਹੁਤ ਤੇਜ਼ ਹੈ। ਜਦ ਇਹ ਤੈਰਦਾ ਹੈ, ਤਾਂ ਇੰਝ ਲੱਗਦਾ ਹੈ ਜਿਵੇਂ ਪਾਣੀ ਤੇ ਉਡੱ ਰਿਹਾ ਹੋਵੇ। ਇਸਦੇ ਜਾਲਦਾਰ ਪੈਰ ਤੈਰਨ ਵਿੱਚ ਪਤਵਾਰ ਦਾ ਕੰਮ ਕਰਦੇ ਹਨ ਅਤੇ ਵਾਟਰਪਰੂਫ ਖੰਭਾਂ ਦੀ ਖਪਰੈਲ ਤਾਂ ਜਿਵੇਂ ਇਸਦੇ ਲਈ ਵਰਦਾਨ ਹੀ ਹੈ। ਸੁਕੀ ਧਰਤੀ ਅਤੇ ਬਰਫੀਲੇ ਰਾਹਾਂ ਤੇ ਇਹ ਰੁੱਖਾਂ ਤੇ ਵੀ ਚੜ ਜਾਂਦਾ ਹੈ। ਜਦ ਇਹ ਬਤਖ ਦੀ ਤਰ੍ਹਾਂ ਚਲਦਾ ਹੈ, ਤਾਂ ਇਸਦੀ ਚਾਲ ਬੜੀ ਲੁਭਾਵਣੀ ਲੱਗਦੀ ਹੈ।

ਇਸਦਾ ਭੋਜਨ ਹੈ ਛੋਟੀਆਂ-ਛੋਟੀਆਂ ਮਛਲੀਆਂ ਅਤੇ ਦੂਸਰੇ ਜਲ-ਜੰਤੂ। ਭੋਜਨ ਦੇ ਮਾਮਲਿਆਂ ਵਿੱਚ ਇਹ ਪੂਰਾ ਬਗੁਲਾ ਭਗਤ ਹੈ। ਪਾਣੀ ਨਾਲ ਐਨਾ ਪਿਆਰ ਹੈ ਕਿ ਆਂਡੇ ਦੇਣ ਅਤੇ ਬੱਚੇ ਸੇਕਣ ਦਾ ਸਵਾਲ ਨਾ ਹੋਵੇ ਤਾਂ ਪਾਣੀ ਤੋਂ ਬਾਹਰ ਹੀ ਨਾ ਨਿਕਲੇ। ਪੇਂਗੁਇਨ ਪੰਛੀਆਂ ਦੇ ਲਈ ਇਹੀ ਸਭ ਤੋਂ ਜ਼ਿਆਦਾ ਸਰਵਾਈਵਲ ਦਾ ਕੰਮ ਹੈ।



ਆਪ ਜਾਣਦੇ ਹੋ ਕਿ ਦੱਖਣੀ ਧਰੁਵ ਤੇ ਛੇ ਮਹੀਨੇ (ਸਰਦੀਆਂ ਵਿੱਚ) ਬਰਫ ਜੰਮੀ ਰਹਿੰਦੀ ਹੈ ਅਤੇ ਉਹਨੀਂ ਦਿਨੀ ਸੂਰਜ ਦੇ ਦਰਸ਼ਨ ਨਹੀਂ ਹੁੰਦੇ ਅਤੇ ਜਦ ਗਰਮੀਆਂ ਵਿੱਚ ਸੂਰਜ ਨਿਕਲਦਾ ਹੈ, ਤਾਂ ਲਗਾਤਾਰ ਛੇ ਮਹੀਨੇ ਤਕ ਅਸਤ (ਢਲਦਾ) ਨਹੀਂ ਹੁੰਦਾ। ਅਤੇ ਇਹੀ ਮੌਸਮ ਹੁੰਦਾ ਹੈ, ਜਦ ਪੇਂਗੁਇਨ ਪੰਛੀਆਂ ਨੂੰ ਆਂਡੇ ਦੇਣ ਲਈ ਆਲ੍ਹਣਾ ਬਣਾਉਣਾ ਪੈਂਦਾ ਹੈ।

ਲੇਕਿਨ ਆਲ੍ਹਣਾ ਬਣਾਉਣ ਕਿਥੇ? ਬਰਫ ਵਿੱਚ? ਅਗਰ ਬਰਫ ਪਿਘਲ ਗਈ ਤਾਂ? ਇਸ ਲਈ ਇਹਨਾਂ ਨੂੰ ਕੋਈ ਅਜਿਹਾ ਸਥਾਨ ਭਾਲਣਾ ਪੈਂਦਾ ਹੈ, ਜਿਥੋਂ ਦੀ ਬਰਫ ਪਿਘਲ ਜਾਣ ਨਾਲ ਪੱਥਰ ਨਿਕਲ ਆਉਂਦੇ ਹੋਣ ਅਤੇ ਆਸ-ਪਾਸ ਦੀ ਬਰਫ ਪਿਘਲ ਜਾਣ ਤੇ ਆਂਡੇ ਵਹਿ ਜਾਣ ਦਾ ਖਤਰਾ ਨਾ ਹੋਵੇ। ਸੁਭਾਵਿਕ ਹੈ ਕਿ ਅਜਿਹੀ ਜਗ੍ਹਾ ਉਹਨਾਂ ਨੂੰ ਕੁਝ ਉਚਾਈ ਤੇ ਹੀ ਮਿਲੇਗੀ। ਇਸ ਕਾਰਣ ਗਰਮੀਆਂ ਸ਼ੁਰੂ ਹੁੰਦੇ ਹੀ ਇਹ ਉਚਾਈ ਵੱਲ ਚਲ ਪੈਂਦੇ ਹਨ।

ਮਾਦਾ ਪੇਂਗੁਇਨ ਸਾਲ ਵਿੱਚ ਇਕ ਵਾਰ ਸਿਰਫ ਦੋ ਆਂਡੇ ਦਿੰਦੀ ਹੈ ਅਤੇ ਆਂਡੇ ਦੇਣ ਦੇ ਬਾਦ ਉਹ ਆਰਾਮ ਕਰਨ ਲਈ ਫਿਰ ਪਾਣੀ ਵਿੱਚ ਚਲੀ ਜਾਂਦੀ ਹੈ। ਤਦ ਆਂਡਿਆਂ ਅਤੇ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਇਕੱਲੇ ਨਰ ਨੂੰ ਉਠਾਉਣੀ ਪੈਂਦੀ ਹੈ। ਮਾਦਾ ਨੂੰ ਵਾਪਸ ਆਉਣ ਵਿੱਚ ਲਗਭਗ ਚਾਰ ਹਫਤੇ ਲਗ ਜਾਂਦੇ ਹਨ। ਇਸ ਦੌਰਾਨ ਨਰ ਕੁਝ ਖਾਂਦਾ ਨਹੀਂ ਹੈ। ਮਾਦਾ ਦੇ ਵਾਪਸ ਆਉਣ ਤੇ ਨਰ ਆਰਾਮ ਕਰਨ ਚਲਾ ਜਾਂਦਾ ਹੈ।

ਇਹਨਾਂ ਦੇ ਬੱਚਿਆਂ ਦਾ ਭੋਜਨ ਵੀ ਅਨੋਖਾ ਹੁੰਦਾ ਹੈ। ਪੇਂਗੁਇਨ ਪੰਛੀ ਪਾਣੀ ਵਿੱਚ ਜਾ ਕੇ ਭਰ ਪੇਟ ਮਛਲੀਆਂ ਖਾ ਕੇ ਆਲ੍ਹਣੇ ਵਿੱਚ ਵਾਪਸ ਜਾਂਦਾ ਹੈ, ਜਿਥੇ ਬੱਚੇ ਉਸਦੀ ਉਡੀਕ ਕਰ ਰਹੇ ਹੁੰਦੇ ਹਨ। ਆਲ੍ਹਣੇ ਵਿੱਚ ਆ ਕੇ ਇਹ ਮਛਲੀਆਂ ਬੱਚਿਆਂ ਦੇ ਸਾਹਮਣੇ ਉਗਲ ਦੇਂਦਾ ਹੈ, ਸਮੁੱਚੀ ਨਹੀਂ, ਲਗਭਗ ਪਚੀ ਹੋਈ, ਕਿਉਂਕਿ ਵਾਪਸ ਆਉਣ ਵਿੱਚ ਐਨਾ ਸਮਾਂ ਲਗ ਜਾਂਦਾ ਹੈ ਕਿ ਮਛਲੀਆਂ ਪਚ ਚੁੱਕੀ ਹੁੰਦੀਆਂ ਹਨ। ਮਾਂ-ਬਾਪ ਦੇ ਪੇਟ ਵਿੱਚ ਪਚਾਇਆ ਹੋਇਆ ਇਹ ਭੋਜਨ ਬੱਚੇ ਬੜੇ ਚਾਅ ਨਾਲ ਖਾਂਦੇ ਹਨ। ਉਹਨਾਂ ਦੇ ਲਈ ਇਹ ਪੌਸ਼ਟਿਕ ਵੀ ਹੁੰਦਾ ਹੈ।

ਐਨਾ ਹੀ ਨਹੀਂ, ਪੇਂਗੁਇਨ ਪੰਛੀਆਂ ਦੀ ਸਮਾਜ-ਵਿਵਸਥਾ ਵੀ ਬੜੀ ਵਧੀਆ ਹੁੰਦੀ ਹੈ। ਪੇਂਗੁਇਨ ਦੇ ਜੋੜੇ ਇਕਾਂਤ ਵਿੱਚ ਆਲ੍ਹਣਾ ਜ਼ਰੂਰ ਬਣਾਉਂਦੇ ਹਨ, ਪ੍ਰੰਤੂ ਇਕ ਸਥਾਨ ਤੇ ਇਕ ਹੀ ਜੋੜਾ ਹੋਵੇ, ਅਜਿਹੀ ਗੱਲ ਕਦੇ ਨਹੀਂ ਹੁੰਦੀ। ਭਲਾ ਪੇਂਗੁਇਨ ਨੂੰ ਪੇਂਗੁਇਨ ਤੋਂ ਕੀ ਡਰ।



ਆਂਡੇ ਦੇਣ ਦੇ ਮੌਸਮ ਵਿੱਚ ਉਹ ਬਕਾਇਦਾ ਬਸਤੀਆਂ ਬਣਾ ਕੇ ਰਹਿੰਦੇ ਹਨ। ਜਦ ਮਾਂ-ਬਾਪ ਭੋਜਨ ਦੀ ਭਾਲ ਵਿੱਚ ਦੂਰ ਚਲੇ ਜਾਂਦੇ ਹਨ, ਤਾਂ ਵੱਡੇ ਬੱਚੇ ਛੋਟੇ ਬੱਚਿਆਂ ਦੀ ਦੇਖਭਾਲ ਕਰਦੇ ਹਨ। ਸਾਰੇ ਮਿਲ-ਜੁਲ ਕੇ ਰਹਿੰਦੇ ਹਨ।

ਆਂਡੇ ਦੇਣ ਦੇ ਮੌਸਮ ਦੇ ਬਾਦ ਅਰਥਾਤ ਸਰਦੀਆਂ ਵਿੱਚ ਪੇਂਗੁਇਨ ਫਿਰ ਪਾਣੀ ਵਿੱਚ ਚਲੇ ਜਾਂਦੇ ਹਨ।

ਇਹ ਤਾਂ ਹੋਈ ਸਾਧਾਰਣ ਪੇਂਗੁਇਨਾਂ ਦੀ ਗੱਲ। ਲੇਕਿਨ ਰਾਜਾ-ਰਾਣੀ ਦੇ ਨਕਸ਼ੇ ਕੁਝ ਦੂਸਰੇ ਹੀ ਹੁੰਦੇ ਹਨ। ਇਸ ਜਾਤੀ ਦੇ ਪੇਂਗੁਇਨ ਆਕਾਰ ਵਿੱਚ ਕੁਝ ਵੱਡੇ ਹੁੰਦੇ ਹਨ ਅਤੇ ਇਹਨਾਂ ਦੇ ਆਂਡੇ ਦੇਣ ਤੋਂ ਲੈ ਕੇ ਬੱਚਿਆਂ ਨੂੰ ਤਾਕਤਵਰ ਬਣਾਉਣ ਤਕ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਅਗਰ ਗਰਮੀਆਂ ਦੇ ਸ਼ੁਰੂ ਵਿੱਚ ਆਂਡੇ ਦੇਣ, ਜਿਵੇਂ ਕਿ ਸਾਧਾਰਣ ਪੇਂਗੁਇਨ ਕਰਦੇ ਹਨ, ਤਾਂ ਸਰਦੀਆਂ ਸ਼ੁਰੂ ਹੋਣ ਤਕ ਬੱਚੇ ਕਮਜ਼ੋਰ ਹੀ ਰਹਿ ਜਾਣ ਅਤੇ ਮਰ ਜਾਣ। ਇਸ ਲਈ ਇਹ ਗਰਮੀਆਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਂਡੇ ਦਿੰਦੇ ਹਨ। ਉਹਨੀਂ ਦਿਨੀਂ ਧਰੁਵ ਪ੍ਰਦੇਸ਼ ਤੇ ਰਾਤ ਹੁੰਦੀ ਹੈ ਇਸ ਲਈ ਆਂਡੇ ਦੇਣ ਅਤੇ ਸੇਕਣ ਦਾ ਕੰਮ ਹਨ੍ਹੇਰੇ ਵਿੱਚ ਹੀ ਸ਼ੁਰੂ ਕਰਨਾ ਹੁੰਦਾ ਹੈ। ਠੰਡ ਤੋਂ ਬਚਾਉਣ ਲਈ ਮਾਦਾ ਆਪਣੇ ਪੈਰਾਂ ਜਾਂ ਖੰਭਾਂ ਨਾਲ ਆਂਡਿਆਂ ਨੂੰ ਲੁਕਾ ਕੇ ਰੱਖਦੀ ਹੈ। ■

ਕਹਾਣੀ : ਰਾਮਫਲ ਨਿਰੰਕਾਰੀ

# ਆਪਣੀ ਕਮਾਈ

ਬਹੁਤ ਦਿਨ ਪਹਿਲਾਂ ਦੀ ਗੱਲ ਹੈ। ਪੁਸ਼ਪਦੰਤਪੁਰ ਨਾਮਕ ਰਾਜ ਵਿੱਚ ਪੁਸ਼ਪਰਾਜ ਸਿੰਘ ਨਾਮ ਦਾ ਰਾਜਾ ਰਾਜ ਕਰਦਾ ਸੀ। ਉਹ ਵਿਦਵਾਨਾਂ ਅਤੇ ਰਿਸ਼ੀਆਂ ਨੂੰ ਭੋਜਨ ਕਰਾਉਂਦਾ ਅਤੇ ਕਾਫੀ ਅਸ਼ਰਫੀਆਂ ਦਾਨ ਵਿੱਚ ਦਿੰਦਾ। ਇਕ ਦਿਨ ਇਕ ਰਿਸ਼ੀ ਰਾਜਾ ਦੇ ਕੋਲ ਆਇਆ। ਰਾਜਾ ਨੇ ਉਸ ਦਾ ਬਹੁਤ ਆਦਰ-ਸਤਿਕਾਰ ਕੀਤਾ, ਭਰਪੇਟ ਭੋਜਨ ਕਰਾਇਆ ਅਤੇ ਫਿਰ ਅਸ਼ਰਫੀਆਂ ਦਾਨ ਵਿੱਚ ਦੇਣ ਲੱਗਾ।

ਰਿਸ਼ੀ ਨੇ ਰਾਜਾ ਤੋਂ ਪੁੱਛਿਆ- ਹੇ ਰਾਜਨ! ਕੀ ਇਹ ਆਪ ਦੀ ਆਪਣੀ ਕਮਾਈ ਦਾ ਹਿੱਸਾ ਹੈ?

ਰਾਜਾ ਨੇ ਉਤੱਰ ਦਿੱਤਾ - ਰਿਸ਼ੀ! ਮੈਂ ਇਥੋਂ ਦਾ ਰਾਜਾ ਹਾਂ। ਇਸ ਰਾਜ ਦੀ ਸਾਰੀ ਧਨ - ਸੰਪਤੀ ਮੇਰੀ ਹੀ ਹੈ।

ਰਿਸ਼ੀ ਨੇ ਆਪਣਾ ਪ੍ਰਸ਼ਨ ਫਿਰ ਦੁਹਰਾਇਆ - ਲੇਕਿਨ ਮਹਾਰਾਜ! ਕੀ ਇਹ ਧਨ ਆਪ ਨੇ ਖੁਦ ਕਮਾਇਆ ਹੈ?

ਰਾਜਾ ਨੂੰ ਕਹਿਣਾ ਪਿਆ - ਨਹੀਂ ਰਿਸ਼ੀਵਰ!

ਤਦ ਰਿਸ਼ੀ ਬੋਲਿਆ - ਹੇ ਰਾਜਨ! ਅਗਰ ਆਪ ਆਪਣੀ ਕਮਾਈ ਵਿਚੋਂ ਇਕ ਪੈਸਾ ਵੀ ਅੱਜ ਮੈਨੂੰ ਦਿੰਦੇ ਤਾਂ ਮੈਂ ਉਹਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰਦਾ, ਪ੍ਰੰਤੂ ਆਪ ਦੇ ਰਾਜਕੋਸ਼ ਦਾ ਸਾਰਾ ਧਨ ਤਾਂ ਪ੍ਰਜਾ ਦੇ ਖੂਨ-ਪਸੀਨੇ ਦੀ ਕਮਾਈ ਹੈ, ਇਹਨੂੰ ਮੈਂ ਸਵੀਕਾਰ ਨਹੀਂ ਕਰ ਸਕਦਾ।

ਐਨਾ ਕਹਿ ਕੇ ਰਿਸ਼ੀ ਉਥੋਂ ਚਲਾ ਗਿਆ।

ਇਸ ਘਟਨਾ ਦੇ ਬਾਦ ਰਾਜਾ ਨੇ ਖੁਦ ਧਨ ਕਮਾਉਣ ਦਾ ਨਿਸ਼ਚਾ ਕੀਤਾ।

ਦੂਸਰੇ ਦਿਨ ਸਵੇਰੇ ਉਹ ਸਧਾਰਣ ਆਦਮੀ ਦਾ ਭੇਸ ਧਾਰਣ ਕਰਕੇ ਮਹਿਲ ਤੋਂ ਨਿਕਲ ਪਿਆ।



ਚਲਦੇ-ਚਲਦੇ ਉਹ ਇਕ ਲੁਹਾਰ ਦੀ ਦੁਕਾਨ ਤੇ ਪਹੁੰਚਿਆ। ਰਾਜਾ ਨੇ ਲੁਹਾਰ ਨੂੰ ਕੁਝ ਕੰਮ ਦੇਣ ਦੀ ਪ੍ਰਾਰਥਨਾ ਕੀਤੀ। ਲੁਹਾਰ ਨੇ ਉਹਨੂੰ ਇਕ ਹਥੌੜਾ ਅਤੇ ਇਕ ਲੋਹੇ ਦੀ ਛੜ ਦਿੰਦੇ ਹੋਏ ਕਿਹਾ - ਇਸ ਲੋਹੇ ਦੀ ਛੜ ਨੂੰ ਭੱਠੀ ਵਿੱਚ ਤਪਾ ਕੇ ਹਥੌੜੇ ਨਾਲ ਕੁੱਟ-ਕੁੱਟ ਕੇ ਕੁਦਾਲ ਦਾ ਆਕਾਰ ਦਿਉ।

ਦੋ ਘੰਟੇ ਦੀ ਅਣਥਕ ਮਿਹਨਤ ਦੇ ਬਾਦ ਰਾਜਾ ਥੱਕ ਕੇ ਚੂਰ ਹੋ ਗਿਆ ਪਰ ਛੜ ਨੂੰ ਸਹੀ ਰੂਪ ਨਾ ਦੇ ਸਕਿਆ। ਲੁਹਾਰ ਨੇ ਰਾਜਾ ਨੂੰ ਇਕ ਪੈਸਾ ਦੇ ਕੇ ਵਿਦਾ ਕਰ ਦਿੱਤਾ।

ਇਸ ਦੇ ਬਾਦ ਰਾਜਾ ਇਕ ਖੇਤ ਵਿੱਚ ਪਹੁੰਚਿਆ। ਉਸ ਨੇ ਦੁਪਹਿਰ ਦੇ ਸਮੇਂ ਕੜਕਦੀ ਧੁੱਪ ਵਿੱਚ ਇਕ ਕਿਸਾਨ ਨੂੰ ਫਸਲ ਕੱਟਦੇ ਹੋਏ ਵੇਖਿਆ। ਰਾਜਾ ਵੀ ਕਿਸਾਨ ਤੋਂ ਆਗਿਆ ਲੈ ਕੇ ਦਾਤਰੀ ਨਾਲ ਫਸਲ ਕੱਟਣ ਲੱਗਾ। ਸ਼ਾਮ ਤਕ ਬੜੀ ਮੁਸ਼ਕਿਲ ਨਾਲ ਉਹ ਥੋੜੀ ਜਿਹੀ ਫਸਲ ਕੱਟ ਸਕਿਆ। ਫਸਲ ਕੱਟਦੇ ਸਮੇਂ ਉਸਨੇ ਕਈ ਥਾਵਾਂ ਤੋਂ ਆਪਣੇ ਹੱਥਾਂ ਨੂੰ ਵੀ ਕੱਟ ਲਿਆ ਸੀ। ਕਿਸਾਨ ਨੇ ਵੀ ਉਹਨੂੰ ਮਜ਼ਦੂਰੀ ਦੇ ਰੂਪ ਵਿੱਚ ਇਕ ਪੈਸਾ ਦਿੱਤਾ। ਫਿਰ ਰਾਜਾ ਆਪਣੇ ਮਹਿਲ ਵਿੱਚ ਵਾਪਸ ਆਇਆ।

ਰਾਜਾ ਨੇ ਦੂਸਰੇ ਦਿਨ ਉਸੇ ਰਿਸ਼ੀ ਨੂੰ ਮਹਿਲ ਵਿੱਚ ਬੁਲਵਾਇਆ ਅਤੇ ਦੋ ਪੈਸੇ ਦਿੰਦੇ ਹੋਏ ਕਿਹਾ - ਹੇ ਰਿਸ਼ੀਸ੍ਰੇਸ਼ਠ! ਇਹ ਧਨ ਮੇਰੀ ਆਪਣੀ ਕਮਾਈ ਦਾ ਹੈ, ਕ੍ਰਿਪਾ ਕਰਕੇ ਇਹਨੂੰ ਸਵੀਕਾਰ ਕਰੋ ਅਤੇ ਮੈਨੂੰ ਅਸ਼ੀਰਵਾਦ ਦਿਉ।



ਰਿਸ਼ੀ ਨੇ ਦਾਨ ਸਵੀਕਾਰ ਕਰ ਲਿਆ ਅਤੇ ਰਾਜਾ ਨੂੰ ਅਸ਼ੀਰਵਾਦ ਦਿੰਦੇ ਹੋਏ ਬੋਲਿਆ - ਰਾਜਨ! ਮਿਹਨਤ ਨਾਲ ਧਨ ਪੈਦਾ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਪ੍ਰੰਤੂ ਇਹ ਵੀ ਸੱਚ ਹੈ ਕਿ ਮਿਹਨਤ ਦਾ ਫਲ ਬਹੁਤ ਮਿੱਠਾ ਹੁੰਦਾ ਹੈ।

ਕਹਾਣੀ ਦੀ ਸਚਾਈ ਜੋ ਵੀ ਰਹੀ ਹੋਵੇ ਪ੍ਰੰਤੂ ਇਹ ਸੱਚ ਹੈ ਕਿ ਮਿਹਨਤ ਦੀ ਕਮਾਈ ਨਾਲ ਹੀ ਆਤਮ-ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ■




# ਭੇਜ ਦੇ ਸਕੂਲ ਅੰਮੀਏ...

ਮੇਰੀ ਇਕ ਗੱਲ ਮੰਨ ਲੈ ਜਲੂਲ ਅੰਮੀਏ।
ਹੁਣ ਮੈਨੂੰ ਵੀ ਤੂੰ ਭੇਜ ਦੇ ਸਕੂਲ ਅੰਮੀਏ।

ਮੈਂ ਨਹੀਂ ਛੋਟੀ ਹੋ ਗਈ ਪੂਰੇ ਤਿੰਨ ਸਾਲ ਦੀ,
ਜਾਂਦੀ ਏ ਸਕੂਲੇ ਨਿੱਤ ਦੀਪ ਮੇਰੇ ਨਾਲ ਦੀ।

ਪਿੰਡ ਦੇ ਸਕੂਲੇ ਮੈਨੂੰ ਦਾਖਲਾ ਦਿਵਾ ਦਿਉ।
ਕਾਪੀਆਂ ਕਿਤਾਬਾਂ ਇਕ ਬਸਤਾ ਸਿਲਾ ਦਿਉ।

ਬੂਟ ਤੇ ਜੁਰਾਬਾਂ ਨਾਲੇ ਕੋਕੇ ਵਾਲੀ ਪੈਨਸਿਲ
ਵੈਰੀ ਗੁੱਡ ਲੈ ਕੇ ਆਵਾਂ ਹੱਸੇ ਫਿਰ ਤੇਰਾ ਦਿਲ।



ਸੱਚ ਆਖਾਂ ਐਵੇ ਇਹਨੂੰ ਸਮਝੀਂ ਨਾ ਗੱਲਾਂ,
ਰਾਣੀ ਝਾਂਸੀ ਵਾਂਗੂ ਮੈ ਵੀ ਮਾਰਨੀਆ ਮੱਲ੍ਹਾਂ।

ਕੰਮ ਕਾਰ ਕਰਾਂ ਸਾਰਾ ਪੜ੍ਹਾਂ ਦਿਲ ਲਾ ਕੇ ਮੈਂ
ਜੋ ਤੂੰ ਸਮਝਾਵੇਂ ਰੱਖਾਂ ਦਿਲ ਚ ਵਸਾ ਕੇ ਮੈਂ।

ਸਾਰੇ ਘਰ ਦੇ ਮੈ ਸਿੱਖਣੇਂ ਅਸੂਲ ਅੰਮੀਏ
ਹੁਣ ਮੈਨੂੰ ਵੀ ਤੂੰ ਭੇਜ ਦੇ ਸਕੂਲ ਅੰਮੀਏ।

# ਰੰਗ ਭਰੋ



ਨਾਂ ................................................................ ਉਮਰ..........

ਪੂਰਾ ਪਤਾ..................................................................

..........................................................................

..........................................................................

# ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਏਕਤਾ (ਉਮਰ 11 ਸਾਲ)
ਪਿੰਡ ਤੇ ਡਾਕਖਾਨਾ - ਹਰੀਕੇ ਪਤਨ
ਜ਼ਿਲਾ - ਅੰਮ੍ਰਿਤਸਰ (ਪੰਜਾਬ)

**ਦੂਸਰਾ ਨੰ :**

ਨਿਤਿਨ ਕੰਡਾ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ - ਤਲਵੰਡੀ ਭਾਈ
ਜ਼ਿਲਾ - ਫਿਰੋਜ਼ਪੁਰ (ਪੰਜਾਬ)

**ਤੀਸਰਾ ਨੰ :**

ਸਰਬਜੀਤ ਕੌਰ (ਉਮਰ 12 ਸਾਲ)
ਪਿੰਡ ਤੇ ਡਾਕਖਾਨਾ - ਜਗਰਾਉਂ
ਜ਼ਿਲਾ - ਲੁਧਿਆਣਾ (ਪੰਜਾਬ)

## ਪਸੰਦ ਕੀਤੇ ਗਏ -

ਹੇਵਨ-ਸੁਮਨ (ਫਗਵਾੜਾ),
ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਸਹਿਜਪ੍ਰੀਤ (ਅੰਮ੍ਰਿਤਸਰ),
ਗੁਰਪ੍ਰੀਤ (ਗਿੱਦੜਬਾਹਾ),
ਪ੍ਰੇਰਨਾ (ਬੇਦੀ ਨਗਰ),
ਕਿਰਨਦੀਪ (ਲੁਧਿਆਣਾ),
ਖੁਸ਼ਵੰਤ (ਬਰਨਾਲਾ),
ਵੰਸ਼ਿਕਾ, ਨਿਮਰਤਾ (ਬੁਢਲਾਡਾ),
ਜਸਨੂਰਪ੍ਰੀਤ (ਜਗਰਾਉਂ),
ਹਰਪ੍ਰੀਤ ਗੁਰਲਾਲ (ਹੀਰੋ ਖੁਰਦ),
ਅਨੰਨਿਆ ਗਰਗ (ਲਹਿਰਾਗਾਗਾ),
ਅਮ੍ਰਿਤ ਖੁਰਾਨਾ (ਜਲੰਧਰ),
ਗੁਰਵਿੰਦਰ (ਜੀਰਾ),
ਸ਼ੁਭਮ (ਪੁਰਹੀਰਾ),
ਤੇਜਲ ਅਰੋੜਾ (ਮੋਗਾ),
ਸ਼ਬਦ ਅਰੋੜਾ (ਕੋਟ ਈਸੇ ਖਾਂ)
ਗੁਰਲੀਨ ਕੌਰ (ਡੱਫਰ),
ਸੁਨੀਤਾ (ਨਵਾਂ ਸ਼ਹਿਰ),
ਸੁਦੀਕਸ਼ਾ (ਰੂਪ ਨਗਰ),




## ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ **25 ਅਪ੍ਰੈਲ 2019** ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ **ਜੂਨ 2019** ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❐ ਕੈਲਾਸ਼ ਜੈਨ

# ਬਚਤ ਅਤੇ ਗਤੀ ਦਾ ਪ੍ਰਤੀਕ
# ਗਲਿਹਰੀ



ਨਟਖਟ, ਚੰਚਲ ਅਤੇ ਨਿਰੰਤਰ ਗਤੀਸ਼ੀਲ, ਸ਼ਰਾਰਤੀ ਬੱਚਿਆਂ ਵਾਂਗ ਹਰਦਮ ਉਛਲਦੀ-ਕੁੱਦਦੀ ਗਲਿਹਰੀ ਗਤੀ ਦਾ ਪ੍ਰਤੀਕ ਹੈ। ਉਂਝ ਭਵਿੱਖ ਲਈ ਭੋਜਨ ਸੁਰੱਖਿਅਤ ਰੱਖਣ ਦੇ ਉਸਦੇ ਸੁਭਾਅ ਨੇ ਉਹਨੂੰ ਬਚਤ ਦੇ ਪ੍ਰਤੀਕ-ਚਿੰਨ੍ਹ ਦੇ ਰੂਪ ਵਿੱਚ ਵੀ ਮਾਨਤਾ ਦਿੱਤੀ ਹੈ। ਅੱਜ ਕਈ ਬਚਤ ਸੰਗਠਨਾਂ ਦਾ ਮੋਨੋਗ੍ਰਾਮ ਗਲਿਹਰੀ ਹੀ ਹੈ।

ਗਲਿਹਰੀ ਜੀਵ-ਵਿਗਿਆਨ ਦੀ ਦ੍ਰਿਸ਼ਟੀ ਨਾਲ ਕਰੰਤਕ (ਰਾਡੈਂਟ) ਜੀਵ-ਸਮੂਹ ਦੇ ਤਹਿਤ ਆਉਂਦੀ ਹੈ। ਚੂਹੇ, ਖਰਗੋਸ਼ ਦੀ ਤਰ੍ਹਾਂ ਇਸ ਸਮੂਹ ਦੀਆਂ ਲਗਭਗ ਇਕ ਹਜ਼ਾਰ ਪ੍ਰਜਾਤੀਆਂ ਮਿਲਦੀਆਂ ਹਨ। ਗਲਿਹਰੀ ਉਹਨਾਂ ਵਿਚੋਂ ਇਕ ਹੈ। ਗਲਿਹਰੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ, ਜਿਵੇਂ ਜ਼ਮੀਨ ਤੇ ਰਹਿਣ ਵਾਲੀ ਗਲਿਹਰੀ, ਉਡੱਣ ਵਾਲੀ ਅਤੇ ਰੁੱਖਾਂ ਤੇ ਰਹਿਣ ਵਾਲੀ ਆਦਿ। ਗਲਿਹਰੀ ਨੂੰ ਪੰਜਾਬੀ ਵਿੱਚ 'ਕਾਟੋ', ਬੰਗਾਲੀ ਵਿੱਚ 'ਕਾਫ ਬਿਲਾੜੀ', ਮਰਾਠੀ ਵਿੱਚ 'ਖਦੀਖਦ', ਤਮਿਲ ਵਿੱਚ 'ਅੰਨਾ ਪਿਲੀ' ਅਤੇ ਅੰਗ੍ਰੇਜ਼ੀ ਵਿੱਚ 'ਸਕਵੈਰਲ' ਕਿਹਾ ਜਾਂਦਾ ਹੈ।

ਇਹ ਵੇਖਣ ਵਿੱਚ ਸੁੰਦਰ, ਆਕਰਸ਼ਕ ਅਤੇ ਸੁਭਾਅ ਵਿੱਚ ਚੰਚਲ ਹੁੰਦੀ ਹੈ। ਵਿਭਿੰਨ ਪ੍ਰਜਾਤੀਆਂ ਦੇ ਅਨੁਸਾਰ ਗਲਿਹਰੀ ਦੀ ਲੰਬਾਈ ਤਿੰਨ ਇੰਚ ਤੋਂ ਲੈ ਕੇ ਡੇਢ ਫੁੱਟ ਤਕ ਹੁੰਦੀ ਹੈ। ਆਮ ਤੌਰ ਤੇ ਗਲਿਹਰੀ ਦੇ ਸਰੀਰ ਤੋਂ ਉਸਦੀ ਪੂਛ ਡੇਢ ਗੁਣਾਂ ਅਧਿਕ ਲੰਮੀ ਹੁੰਦੀ ਹੈ। ਇਹ ਬਹੁਤ ਤੇਜ਼ ਰਫਤਾਰ ਨਾਲ ਦੌੜਦੀ ਹੈ। ਲੇਕਿਨ ਇਸਦੀ ਦੌੜ ਕਦੇ ਅੰਨ੍ਹੇਵਾਹ ਅਤੇ ਮੰਤਵਹੀਨ ਨਹੀਂ ਹੁੰਦੀ। ਦੌੜਦੇ ਵਕਤ ਕੁਝ ਸਮੇਂ ਬਾਦ ਰੁਕ-ਰੁਕ ਕੇ ਸਥਿਤੀ ਦਾ ਜਾਇਜਾ ਲੈਂਦੇ ਹੋਏ ਅਗੇ ਵੱਧਣਾ ਗਲਿਹਰੀ ਦਾ ਸੁਭਾਅ ਹੈ। ਇਸ ਵਿੱਚ ਹੇਠਾਂ ਤੋਂ ਉਪਰ ਜਾਂ ਉਪਰ ਤੋਂ ਹੇਠਾਂ ਹਰ ਤਰ੍ਹਾਂ ਦੀ ਦੌੜ ਲਗਾਉਣ, ਰੁੱਖਾਂ ਦੀਆਂ ਉਬੜ-ਖਾਬੜ, ਅਤੇ ਮੋਟੀਆਂ-ਪਤਲੀਆਂ ਟਹਿਣੀਆਂ ਤੇ ਬੇਹਿਚਕ ਪੂਰੇ ਸੰਤੁਲਨ ਨਾਲ ਦੌੜ ਸਕਣ ਦੀ ਅਦਭੁਤ ਸਮਰਥਾ ਹੁੰਦੀ ਹੈ।

ਗਲਿਹਰੀ ਦੇ ਅਗਲੇ ਦੰਦਾਂ ਦੀ ਲਾਇਨ ਕਾਫੀ ਮਜ਼ਬੂਤ ਹੁੰਦੀ ਅਤੇ ਨੁਕੀਲੀ ਹੁੰਦੀ ਹੈ। ਆਪਣੇ ਤਿੱਖੇ ਦੰਦਾਂ ਨਾਲ ਇਹ ਲੱਕੜੀ, ਅਖਰੋਟ, ਬਾਦਾਮ, ਚਮੜਾ ਆਦਿ ਸਖਤ ਵਸਤੂਆਂ ਨੂੰ ਵੀ ਬੜੀ ਆਸਾਨੀ ਨਾਲ ਕੁਤਰ ਲੈਂਦੀ ਹੈ। ਮਜੇਦਾਰ ਗੱਲ ਇਹ ਹੈ ਕਿ ਗਲਿਹਰੀ ਨੂੰ ਆਪਣੇ ਦੰਦ ਟੁੱਟਣ ਜਾਂ ਘਿਸਣ ਦੀ ਕਦੇ ਚਿੰਤਾ ਨਹੀਂ ਹੁੰਦੀ ਕਿਉਕਿ ਇਸਦੇ ਦੰਦ ਜ਼ਿੰਦਗੀ ਭਰ ਉਗਦੇ ਰਹਿੰਦੇ ਹਨ। ਕਾਸ਼! ਇਹ ਸਹੂਲਤ ਇਨਸਾਨ ਨੂੰ ਵੀ ਪ੍ਰਾਪਤ ਹੁੰਦੀ। ਆਪਣੇ ਦੰਦਾਂ ਨੂੰ ਆਮ ਅਵਸਥਾ ਵਿੱਚ ਬਣਾਈ ਰੱਖਣ ਲਈ ਗਲਿਹਰੀ ਨੂੰ ਹਰਦਮ ਕੁਝ ਨਾ ਕੁਝ ਕੁਤਰਦੇ ਰਹਿਣਾ ਪੈਂਦਾ ਹੈ ਤਾਂਕਿ ਉਸਦੇ ਦੰਦ ਘਿਸਦੇ ਰਹਿਣ।

ਗਲਿਹਰੀ ਦੇ ਭੋਜਨ ਦਾ ਅੰਦਾਜ਼ ਸਚਮੁਚ ਨਿਰਾਲਾ ਹੁੰਦਾ ਹੈ। ਇਹ ਆਪਣੇ ਪਿਛਲੇ ਪੈਰਾਂ ਤੇ ਆਰਾਮ ਨਾਲ ਬੈਠ ਜਾਂਦੀ ਹੈ ਅਤੇ ਅਗਲੇ ਪੈਰਾਂ ਨੂੰ ਹੱਥਾਂ ਦੀ ਤਰ੍ਹਾਂ ਇਸਤੇਮਾਲ ਕਰਦੇ ਹੋਏ ਆਪਣੇ ਜਬਾੜਿਆਂ ਨੂੰ ਤੇਜ਼ੀ ਨਾਲ ਚਲਾ ਕੇ ਭੋਜਨ ਨੂੰ ਚਬਾਉਂਦੀ ਹੈ। ਗਲਿਹਰੀ ਆਪਣੇ ਨਵਜਾਤ ਬੱਚਿਆਂ ਦੀ ਦੇਖਭਾਲ ਬੜੀ ਚੇਤੰਨਤਾ ਨਾਲ ਕਰਦੀ ਹੈ। ਜਨਮ ਦੇ ਸਮੇਂ ਬੱਚੇ ਦੇ ਸਰੀਰ ਤੇ ਵਾਲ ਨਹੀਂ ਹੁੰਦੇ ਅਤੇ ਉਸ ਦੀਆਂ ਅੱਖਾਂ ਵੀ ਬੰਦ ਰਹਿੰਦੀਆਂ ਹਨ। ਬੱਚਿਆਂ ਦੇ ਆਤਮਨਿਰਭਰ ਹੋਣ ਤਕ ਗਲਿਹਰੀ ਉਹਨਾਂ ਲਈ ਭੋਜਨ ਜੁਟਾਉਣ ਤੋਂ ਲੈ ਕੇ, ਉਹਨਾਂ ਨੂੰ ਚੱਲਣਾ ਸਿਖਾਉਣ ਵਰਗੇ ਕੰਮ ਵੀ ਕਰਦੀ ਹੈ।

ਗਲਿਹਰੀ ਦਾ ਮੁਖ ਭੋਜਨ ਫਲ, ਮੂੰਗਫਲੀ, ਫੁੱਲ, ਪੱਤੀਆਂ, ਕੋਪਲਾਂ: ਰੁੱਖਾਂ ਦਾ ਸੱਕ, ਛੋਟੇ-ਮੋਟੇ ਕੀੜੇ-ਮਕੌੜੇ, ਅਤੇ ਪੰਛੀਆਂ ਦੇ ਆਂਡੇ ਵਰਗੀਆਂ ਚੀਜ਼ਾਂ ਸ਼ਾਮਿਲ ਹਨ। ਉਂਝ ਇਹ ਜੀਵ ਸਭ ਕੁਝ ਖਾ ਲੈਂਦਾ ਹੈ।

ਉਂਝ ਤਾਂ ਇਹ ਆਜ਼ਾਦ ਪ੍ਰਾਣੀ ਹੈ। ਲੇਕਿਨ ਜੰਗਲੀ ਗਲਿਹਰੀਆਂ ਨੂੰ ਪਾਲਤੂ ਬਣਾਇਆ ਜਾ ਸਕਦਾ ਹੈ। ਲੰਮੇ ਸਮੇਂ ਤਕ ਉਸਦਾ ਵਿਸ਼ਵਾਸ਼ ਹਾਸਿਲ ਕਰਨ ਦੇ ਬਾਅਦ ਉਹ ਪਾਲਤੂ ਬਣ ਸਕਦੀ ਹੈ। ■

ਕਹਾਣੀ : ਪਰਸ਼ੂਰਾਮ

# ਸੰਗਤ ਦਾ ਪ੍ਰਭਾਵ

ਇਕ ਰਾਜਕੁਮਾਰ ਸੀ। ਉਹ ਆਪਣੇ ਸਾਥੀਆਂ ਦੇ ਨਾਲ ਇਕ ਦਿਨ ਜੰਗਲ ਵਿੱਚ ਸ਼ਿਕਾਰ ਖੇਡਣ ਲਈ ਗਿਆ। ਦਿਨ ਢੱਲਣ ਲੱਗਾ ਸੀ। ਸ਼ਿਕਾਰ ਦੀ ਖੋਜ ਵਿੱਚ ਦਿਨ ਭਰ ਭਟਕਦੇ-ਭਟਕਦੇ ਰਾਜਕੁਮਾਰ ਅਤੇ ਉਸਦੇ ਸਾਥੀ ਥੱਕ ਕੇ ਚੂਰ ਹੋ ਗਏ ਸਨ ਪ੍ਰੰਤੂ ਇਕ ਵੀ ਸ਼ਿਕਾਰ ਹੱਥ ਨਹੀਂ ਲੱਗਿਆ ਸੀ।ਉਹ ਨਿਰਾਸ਼ ਹੋ ਕੇ ਵਾਪਿਸ ਹੋਣ ਹੀ ਵਾਲੇ ਸਨ ਕਿ ਅਚਾਨਕ ਰਾਜਕੁਮਾਰ ਦੀ ਨਿਗਾਹ ਇਕ ਹਿਰਨ ਤੇ ਪਈ। ਉਸ ਨੇ ਮੌਕੇ ਨੂੰ ਗੰਵਾਉਣਾ ਉਚਿਤ ਨਹੀਂ ਸਮਝਿਆ ਤੇ ਤੁਰੰਤ ਆਪਣਾ ਘੋੜਾ ਉਸਦੇ ਪਿਛੇ ਲਗਾ ਦਿੱਤਾ। ਘਣੇ ਜੰਗਲ ਵਿੱਚ ਭੱਜਦੇ ਹੋਏ ਰਾਜਕੁਮਾਰ ਆਪਣੇ ਸਾਥੀਆਂ ਤੋਂ ਵਿੱਛੜ ਗਿਆ। ਲੰਮੀਆਂ-ਲੰਮੀਆਂ ਪੁਲਾਘਾਂ ਭਰਦਾ ਹੋਇਆ ਹਿਰਨ ਵੀ ਜੰਗਲ ਵਿੱਚ ਬਣੀ ਇਕ ਛੋਟੀ ਜਿਹੀ ਬਸਤੀ ਵਿੱਚ ਜਾ ਕੇ ਗਵਾਚ ਗਿਆ। ਉਹ ਬਸਤੀ ਡਾਕੂਆਂ ਦੀ ਸੀ। ਪਹਿਲੀ ਹੀ ਝੌਂਪੜੀ ਦੇ ਬਾਹਰ ਇਕ ਪਿੰਜਰਾ ਲਟਕਿਆ ਹੋਇਆ ਸੀ। ਉਸ ਵਿੱਚ ਇਕ ਤੋਤਾ ਉਛਲਕੁੱਦ ਰਿਹਾ ਸੀ। ਜਿਵੇਂ ਹੀ ਉਸ ਨੇ ਰਾਜਕੁਮਾਰ ਨੂੰ ਆਉਂਦੇ ਹੋਏ ਵੇਖਿਆ ਤਾਂ ਉਹ ਜੋਰ-ਜੋਰ ਨਾਲ ਚਿਲਾਉਣ ਲੱਗਾ - ਆਉ, ਜਲਦੀ ਕਰੋ, ਇਹਨੂੰ ਫੜੋ। ਇਸਦੇ ਕੋਲ ਬਹੁਤ ਸਾਰੇ ਕੀਮਤੀ ਗਹਿਣੇ ਹਨ, ਕੀਮਤੀ ਘੋੜਾ ਹੈ। ਸਭ ਕੁਝ ਲੁੱਟ ਲਉ। ਮਾਰੋ ਭੱਜ ਨਾ ਜਾਏ।

ਤੋਤੇ ਦੀ ਰੱਟ ਸੁਣ ਕੇ ਰਾਜਕੁਮਾਰ ਚੌਕੰਨਾ ਹੋ ਗਿਆ। ਉਸ ਨੇ ਤੁਰੰਤ ਘੋੜਾ ਉਥੇ ਰੋਕਿਆ ਅਤੇ ਵਾਪਸ ਮੋੜ ਲਿਆ। ਘੋੜਾ ਤੇਜ਼ ਗਤੀ ਨਾਲ ਵਾਪਸ ਭੱਜਣ ਲੱਗਾ। ਰਾਜਕੁਮਾਰ ਸਮਝ ਗਿਆ ਸੀ ਕਿ ਇਹ ਬਸਤੀ ਡਾਕੂਆਂ ਦੀ ਹੈ। ਅਗਰ ਜਰਾ ਜਿੰਨੀ ਵੀ ਦੇਰ ਕੀਤੀ ਤਾਂ ਪ੍ਰਾਣਾਂ ਤੋਂ ਹੱਥ ਧੋਣੇ ਪੈਣਗੇ। ਅਸਲ ਵਿੱਚ ਵੇਖਦੇ ਹੀ ਵੇਖਦੇ ਕਈ ਡਾਕੂ ਬਾਹਰ ਨਿਕਲ ਆਏ। ਕਾਫੀ ਦੂਰ ਤਕ ਉਹਨਾਂ ਨੇ ਉਸ ਰਾਜਕੁਮਾਰ ਦਾ ਪਿੱਛਾ ਕੀਤਾ ਪ੍ਰੰਤੂ ਰਾਜਕੁਮਾਰ ਦਾ ਘੋੜਾ ਤਾਂ ਹਵਾ ਨਾਲ ਗੱਲਾਂ ਕਰ ਰਿਹਾ ਸੀ। ਇਸ ਲਈ ਉਹਨੂੰ ਫੜਨ ਵਿੱਚ ਅਸਫਲ ਹੋ ਕੇ ਉਹ ਵਾਪਿਸ ਚਲੇ ਗਏ।

ਕਾਫੀ ਦੂਰ ਆ ਕੇ ਰਾਜਕੁਮਾਰ ਨੂੰ ਇਕ ਸੁਰੱਖਿਅਤ ਸਥਾਨ ਦਿਖਾਈ ਦਿੱਤਾ। ਇਹ ਕਿਸੇ ਮਹਾਤਮਾ ਦਾ ਆਸ਼ਰਮ ਸੀ। ਉਸਦੇ ਵਿਹੜੇ ਵਿੱਚ ਚੇਲੇ ਘੁੰਮ ਰਹੇ ਸਨ। ਰਾਜਕੁਮਾਰ ਦੀ ਦ੍ਰਿਸ਼ਟੀ ਆਸ਼ਰਮ ਦੇ ਪ੍ਰਵੇਸ਼ ਦੁਆਰ ਤੇ ਇਕ ਛੋਟੇ ਜਿਹੇ ਰੁੱਖ ਤੇ ਪਈ। ਉਸ ਨੇ ਵੇਖਿਆ ਕਿ ਰੁੱਖ ਦੀ ਟਹਿਣੀ ਤੇ ਇਕ ਪਿੰਜਰਾ ਲਟਕ ਰਿਹਾ ਹੈ। ਉਸ ਵਿੱਚ ਇਕ ਤੋਤਾ ਸ਼ਾਂਤ ਬੈਠਾ ਹੈ। ਤੋਤੇ ਨੂੰ ਵੇਖ ਕੇ ਰਾਜਕੁਮਾਰ ਦੇ ਹਿਰਦੇ ਵਿੱਚ ਸ਼ੱਕ ਪੈਦਾ ਹੋ ਗਿਆ ਕਿ ਕਿਤੇ ਸਾਧੂ ਦੇ ਭੇਸ ਵਿੱਚ ਇਹ ਸਥਾਨ ਵੀ ਲੁਟੇਰਿਆਂ ਦਾ ਨਾ ਹੋਵੇ? ਜਿਵੇਂ ਹੀ ਰਾਜਕੁਮਾਰ ਨੇ ਆਪਣਾ ਘੋੜਾ ਮੋੜਨਾ ਚਾਹਿਆ, ਤੋਤਾ ਜੋਰ ਨਾਲ ਬੋਲ ਉਠਿਆ- ਸੁਆਗਤ ਹੈ ਰਾਜਕੁਮਾਰ! ਆਉ ਅੰਦਰ ਪਧਾਰੋ, ਆਸ਼ਰਮ ਵਿੱਚ ਆਪ ਦਾ ਸੁਆਗਤ ਹੈ।





ਰਾਜਕੁਮਾਰ ਤੋਤੇ ਦੇ ਮੂੰਹੋਂ ਅਜਿਹੇ ਮਿੱਠੇ ਵਚਨ ਸੁਣ ਕੇ ਹੈਰਾਨ ਰਹਿ ਗਿਆ। ਰਾਜਕੁਮਾਰ ਨੂੰ ਵੇਖ ਕੇ ਆਸ਼ਰਮ ਦੇ ਚੇਲੇ ਵੀ ਆ ਗਏ। ਉਹ ਰਾਮਕੁਮਾਰ ਨੂੰ ਅੰਦਰ ਲਿਜਾ ਕੇ ਉਸਦੀ ਆਉ-ਭਗਤ ਕਰਨ ਲੱਗੇ।

ਰਾਜਕੁਮਾਰ ਬੈਠਾ, ਸ਼ਾਂਤ ਮਨ ਨਾਲ ਕੁਝ ਸੋਚ ਰਿਹਾ ਸੀ। ਵਿਚਾਰਮਗਨ ਦੇਖ ਕੇ ਆਸ਼ਰਮ ਦੇ ਗੁਰੂਦੇਵ ਨੇ ਉਸ ਤੋਂ ਪੁੱਛਿਆ - ਰਾਜਕੁਮਾਰ, ਆਪ ਐਨੇ ਸ਼ਾਂਤ ਅਤੇ ਗੰਭੀਰ ਕਿਉਂ ਹੋ? ਕੀ ਬਹੁਤ ਜਿਆਦਾ ਥਕਾਨ ਦੇ ਕਾਰਣ ਅਜਿਹਾ ਹੈ? ਆਪ ਦੇ ਸਾਹਮਣੇ ਪਾਣੀ ਅਤੇ ਫਲ ਰੱਖੇ ਹਨ। ਇਹਨਾਂ ਨੂੰ ਖਾ ਪੀ ਕੇ ਆਪਣੀ ਪਿਆਸ ਅਤੇ ਭੁੱਖ ਸ਼ਾਂਤ ਕਰੋ। ਆਪ ਦੇ ਆਰਾਮ ਦੀ ਵਿਵਸਥਾ ਕਰ ਦਿੱਤੀ ਗਈ ਹੈ।

- ਮੁਨੀਦੇਵ ਮੈਂ ਭੁੱਖ, ਪਿਆਸ ਜਾਂ ਥਕਾਨ ਦੇ ਕਾਰਣ ਐਨਾ ਵਿਚਲਿਤ ਨਹੀਂ ਹਾਂ। ਮੈਂ ਫਰਕ ਦੇ ਵਿਸ਼ੇ ਵਿੱਚ ਸੋਚ ਕੇ ਜ਼ਿਆਦਾ ਪ੍ਰੇਸ਼ਾਨ ਹਾਂ। - ਰਾਜਕੁਮਾਰ ਨੇ ਪਾਣੀ ਉਠਾਉਂਦੇ ਹੋਏ ਕਿਹਾ।

- ਕਿਹੜਾ, ਕਿਹੋ ਜਿਹਾ ਫਰਕ ਰਾਜਕੁਮਾਰ? ਜਰਾ ਵਿਸਥਾਰ ਨਾਲ ਦੱਸੋ - ਮੁਨੀਦੇਵ ਨੇ ਕਿਹਾ।

ਡਾਕੂਆਂ ਦੀ ਬਸਤੀ ਦੇ ਤੋਤੇ ਦਾ ਵਿਰਤਾਂਤ ਸੁਣਾਉਂਦੇ ਹੋਏ ਰਾਜਕੁਮਾਰ ਨੇ ਕਿਹਾ -ਮੁਨੀਦੇਵ ਆਸ਼ਰਮ ਦੇ ਇਸ ਤੋਤੇ ਵਿੱਚ ਅਤੇ ਉਸ ਤੋਤੇ ਵਿੱਚ ਤਾਂ ਜ਼ਮੀਨ ਅਸਮਾਨ ਦਾ ਫਰਕ ਹੈ। ਦੋਵੇਂ ਇਕ ਹੀ ਜਾਤੀ ਦੇ ਪੰਛੀ ਹਨ। ਪ੍ਰੰਤੂ ਦੋਹਾਂ ਦੇ ਸੁਭਾਅ ਅਤੇ ਬਾਣੀ ਵਿੱਚ ਬੜਾ ਫਰਕ ਹੈ ਅਜਿਹਾ ਕਿਉਂ?

ਮੁਨੀਦੇਵ ਨੇ ਮੁਸਕੁਰਾ ਕੇ ਰਾਜਕੁਮਾਰ ਦੀ ਸ਼ੰਕਾ ਦਾ ਹੱਲ ਕਰਦੇ ਹੋਏ ਕਿਹਾ- ਰਾਜਕੁਮਾਰ ਡਾਕੂਆਂ ਦੇ ਤੋਤੇ ਨੇ ਉਹਨਾਂ ਦੇ ਵਿਚਕਾਰ ਰਹਿ ਕੇ ਸਦਾ ਹਿੰਸਾ, ਲੁੱਟਮਾਰ ਅਤੇ ਅਸਭਿਅਤਾ ਹੀ ਵੇਖੀ ਹੈ, ਇਸ ਲਈ ਉਸ ਨੇ ਮਾਰੋ-ਮਾਰੋ, ਫੜੋ, ਲੁੱਟੋ ਆਦਿ ਸ਼ਬਦਾਂ ਦਾ ਉਚਾਰਣ ਹੀ ਸਿਖਿਆ ਹੈ। ਲੇਕਿਨ ਆਸ਼ਰਮ ਦਾ ਤੋਤਾ ਮੁਨੀਆਂ ਦੇ ਵਿਚ ਰਹਿੰਦਾ ਹੈ। ਉਸਦੇ ਕੰਨਾਂ ਵਿੱਚ ਹਰ ਸਮੇਂ ਮਧੁਰ ਬਾਣੀ ਦਾ ਹੀ ਸੰਚਾਰ ਹੁੰਦਾ ਹੈ। ਇਸ ਲਈ ਉਹ ਸਦਗੁਣ ਗ੍ਰਹਿਣ ਕਰਦਾ ਹੈ।

ਰਾਜਕੁਮਾਰ ਨੇ ਕੁਸੰਗ ਦੇ ਕੁਪ੍ਰਭਾਵ ਅਤੇ ਸਤਿਸੰਗ ਦੀ ਮਹਿਮਾ ਨੂੰ ਖੂਬ ਜਾਣਿਆ ਅਤੇ ਸਿਖਿਆ ਵੀ।

# ਕਦੇ ਨਾ ਭੁੱਲੋ

* ਜਿਸ ਵਿੱਚ ਦਾਸ ਭਾਵਨਾ ਹੈ, ਧਰਮ ਦੇ ਖੇਤਰ ਵਿੱਚ ਉਹੀ ਉਚੱਾ ਮੰਨਿਆ ਜਾ ਸਕਦਾ ਹੈ।
* ਹੰਕਾਰ ਜੁੱਤੇ ਵਿੱਚ ਕੰਕਰ ਦੀ ਤਰ੍ਹਾਂ ਹੁੰਦਾ ਹੈ ਜੋ ਦੁੱਖ ਹੀ ਦਿੰਦਾ ਹੈ।
* ਸਹਿਨਸ਼ੀਲਤਾ ਕਮਜ਼ੋਰੀ ਨਹੀਂ ਬਲਕਿ ਸ਼ਕਤੀ ਦਾ ਸੂਚਕ ਹੈ।
* ਜੇ ਤੁਹਾਡਾ ਕੋਈ ਵੀ ਸਾਥ ਨਾ ਦੇਵੇ ਤਾਂ ਇੱਕਲੇ ਹੀ ਸੱਚ ਦੇ ਮਾਰਗ ਤੇ ਵੱਧਦੇ ਜਾਉ।
* ਜੋ ਵਿਅਕਤੀ ਸੰਤੁਸ਼ਟ ਹੈ, ਚਾਹੇ ਉਸ ਦੇ ਕੋਲ ਥੋੜਾ ਜਿਹਾ ਹੀ ਧਨ ਹੋਵੇ, ਫਿਰ ਵੀ ਖੁਦ ਨੂੰ ਧਨਾਢ ਸਮਝਦਾ ਹੈ

- ਸਤਿਗੁਰੂ ਬਾਬਾ ਹਰਦੇਵ ਸਿੰਘ ਜੀ

* ਹਾਲਾਤ ਕਿਹੋ ਜਿਹੇ ਵੀ ਕਿਉਂ ਨਾ ਹੋਣ, ਮੈਂ ਸਦਾ ਆਨੰਦਮਗਨ ਅਤੇ ਖੁਸ਼ ਰਹਿਣ ਲਈ ਪ੍ਰਤੀਬੱਧ ਹਾਂ ਕਿਉਂਕਿ ਮੈਂ ਅਨੁਭਵ ਤੋਂ ਇਹ ਸਿਖਿਆ ਹੈ ਕਿ ਸਾਡੀਆਂ ਖੁਸ਼ੀਆਂ ਅਤੇ ਦੁੱਖਾਂ ਦਾ ਬੜਾ ਹਿੱਸਾ ਸਾਡੀ ਸੋਚ ਤੇ ਨਿਰਭਰ ਕਰਦਾ ਹੈ ਨਾ ਕਿ ਸਾਡੇ ਹਾਲਾਤਾਂ ਤੇ।

- ਵਾਸ਼ਿੰਗਟਨ

* ਇਨਸਾਨ ਨੂੰ ਗਲਤ ਰਾਹ ਤੇ ਲਿਜਾਣ ਵਾਲਾ ਉਸਦਾ ਆਪਣਾ ਦਿਮਾਗ ਹੁੰਦਾ ਹੈ ਨਾ ਕਿ ਉਸ ਦੇ ਦੁਸ਼ਮਣ।

- ਗੌਤਮ ਬੁੱਧ

* ਤਾਕਤਵਰ ਆਦਮੀ ਦੀ ਵਿਸ਼ੇਸਤਾ ਹੈ ਮਾਫ਼ ਕਰਨਾ।
* ਆਪਣੇ ਆਪ ਨੂੰ ਜੀਵਨ ਵਿੱਚ ਲੱਭਣਾ ਹੈ ਤਾਂ ਲੋਕਾਂ ਦੀ ਮਦਦ ਵਿੱਚ ਗਵਾਚ ਜਾਉ।

- ਮਹਾਤਮਾ ਗਾਂਧੀ

* ਸਾਨੂੰ ਕਿੰਨੇ ਲੋਕ ਪਹਿਚਾਣਦੇ ਹਨ ਇਹ ਮਾਇਨੇ ਨਹੀਂ ਰੱਖਦਾ ਬਲਕਿ ਕਿਸ ਵਜ੍ਹਾ ਨਾਲ ਪਹਿਚਾਣਦੇ ਹਨ ਇਹ ਬਹੁਤ ਮਾਇਨੇ ਰੱਖਦਾ ਹੈ।

- ਚਾਣਕਯ

* ਦੋਸਤੀ ਅਜਿਹਾ ਸੁਨਹਿਰਾ ਸੂਤਰ ਹੈ ਜਿਸ ਵਿੱਚ ਦੁਨੀਆ ਦੇ ਦਿਲ ਪਿਰੋਏ ਜਾ ਸਕਦੇ ਹਨ।

- ਜਾਨ ਏਵਲਿਨ


* ਜ਼ਿੰਦਗੀ ਤਾਂ ਆਪਣੇ ਦਮ ਤੇ ਜੀਅ ਜਾਂਦੀ ਹੈ, ਦੂਸਰਿਆਂ ਦੇ ਮੋਢਿਆਂ ਤੇ ਤਾਂ ਸਿਰਫ ਜਨਾਜੇ ਉਠਾਏ ਜਾਂਦੇ ਹਨ।

- ਸ਼ਹੀਦ ਭਗਤ ਸਿੰਘ

❑ ਸੰਗ੍ਰਿਹ ਕਰਤਾ : ਜਗਤਾਰ 'ਚਮਨ'

ਅਵਤਾਰ ਚਮਨ

# ਮਿੱਠੇ-ਮਿੱਠੇ ਬੋਲ



ਮਿੱਠੇ-ਮਿਠੇ ਬੋਲ ਸਦਾ ਬੋਲ ਸੱਜਣਾ।
ਬੋਲਣ ਤੋਂ ਪਹਿਲਾਂ ਲਈਏ ਤੋਲ ਸੱਜਣਾ।

ਕੌੜਾ ਬੋਲ ਸਦਾ ਦਿਲਾਂ ਨੂੰ ਦੁਖਾਂਦਾ ਹੈ,
ਅੱਖੀਆਂ ਦੇ ਵਿਚ ਅੱਥਰੂ ਲਿਆਂਦਾ ਹੈ,
ਕਰੀਂ ਬਹਿ ਕੇ ਇਹਦੀ ਪੜਚੋਲ ਸੱਜਣਾ।
ਬੋਲਣ ਤੋਂ.....

ਮਿੱਠੇ-ਮਿੱਠੇ ਬੋਲਾਂ ਚ ਮਿਠਾਸ ਹੁੰਦੀ ਏ,
ਸਭ ਦੇ ਭਲੇ ਦੀ ਅਰਦਾਸ ਹੁੰਦੀ ਏ,
ਭਗਤੀ ਚ ਰਹੀਏ ਸਮਤੋਲ ਸੱਜਣਾ।
ਬੋਲਣ ਤੋਂ.....

ਮਿੱਠੇ-ਮਿੱਠੇ ਗੀਤ ਜਦੋਂ ਕੋਇਲ ਬੋਲਦੀ,
ਸਾਰੇ ਚਮਨ ਵਿਚ ਰਸ ਘੋਲਦੀ,
ਅਮਨ ਹੈ ਪੰਛੀਆਂ ਦੇ ਕੋਲ ਸੱਜਣਾ।
ਬੋਲਣ ਤੋਂ.......



# ਅਜਬ-ਗਜਬ ਝਰਨੇ

❑ ਕਿਰਨ ਬਾਲਾ

ਝਰਨੇ ਤਾਂ ਆਪ ਨੇ ਵੇਖੇ ਹੋਣਗੇ ਅਤੇ ਉਹਨਾਂ ਨੂੰ ਵੇਖ ਕੇ ਰੋਮਾਂਚਿੱਤ ਵੀ ਹੋਏ ਹੋਵੋਗੇ। ਇਹ ਹਨ ਹੀ ਅਜਿਹੀ ਚੀਜ਼ ਕਿ ਉਸਦੇ ਸਾਹਮਣੇ ਤੋਂ ਹਟਣ ਦਾ ਮਨ ਹੀ ਨਹੀਂ ਕਰਦਾ। ਆਓ, ਆਪ ਨੂੰ ਵਿਸ਼ਵ ਦੇ ਕੁਝ ਖਾਸ ਝਰਨਿਆਂ ਬਾਰੇ ਦੱਸੀਏ।

ਕੀ ਤੁਸੀਂ ਜਾਣਦੇ ਹੋ ਝਰਨੇ ਦਾ ਨਿਰਮਾਣ ਕਿਵੇਂ ਹੁੰਦਾ ਹੈ? ਪਹਾੜਾਂ ਦੀਆਂ ਚਟਾਨਾਂ ਨਾਲ ਘਿਰਣ ਵਾਲੀਆਂ ਨਦੀਆਂ ਜਾਂ ਨਾਲਿਆਂ ਨੂੰ ਝਰਨੇ ਕਿਹਾ ਜਾਂਦਾ ਹੈ। ਅਗਰ ਡਿਗਣ ਵਾਲੇ ਪਾਣੀ ਦੀ ਧਾਰਾ ਪਤਲੀ ਹੁੰਦੀ ਹੈ ਤਾਂ ਉਹਨੂੰ ਝਰਨਾ ਕਿਹਾ ਜਾਂਦਾ ਹੈ ਅਤੇ ਡਿਗਣ ਵਾਲਾ ਪਾਣੀ ਬਹੁਤ ਵੱਡੀ ਧਾਰਾ ਦੇ ਰੂਪ ਵਿੱਚ ਕਾਫੀ ਉਚਾਈ ਤੋਂ ਡਿਗਦਾ ਹੈ ਤਾਂ ਉਹਨੂੰ ਮਹਾਂਝਰਨਾ ਕਹਿੰਦੇ ਹਨ। ਪਹਾੜਾਂ ਦੀ ਢਲਾਣ ਤੋਂ ਹੋ ਕੇ ਗੁਜਰਨ ਵਾਲੀਆਂ ਪਾਣੀ ਦੀਆਂ ਧਾਰਾਵਾਂ ਵੀ ਝਰਨਾ ਹੁੰਦੀਆਂ ਹਨ।

ਵਿਸ਼ਵ ਦੇ ਅਨੇਕ ਪ੍ਰਕਾਰ ਦੇ ਪਰਬਤਾਂ ਤੋਂ ਵਿਭਿੰਨ ਪ੍ਰਕਾਰ ਦੇ ਡਿਗਦੇ ਹੋਏ ਝਰਨੇ ਵੇਖਣ ਨੂੰ ਮਿਲਦੇ ਹਨ। ਇਹਨਾਂ ਵਿੱਚੋਂ ਕੁਝ ਆਪਣੀਆਂ ਉਚਾਈਆਂ ਦੇ ਲਈ ਅਤੇ ਕੁਝ ਆਪਣੀਆਂ ਚੌੜਾਈਆਂ ਦੇ ਲਈ ਪ੍ਰਸਿੱਧ ਹਨ। ਕੁਝ ਝਰਨੇ ਪਾਣੀ ਦੀ ਅਧਿਕ ਮਾਤਰਾ ਲਈ ਪ੍ਰਸਿੱਧ ਹਨ।

ਵਿਸ਼ਵ ਦਾ ਸਭ ਤੋਂ ਉੱਚਾ ਝਰਨਾ ਬੇਨੇਜੁਏਲਾ ਵਿੱਚ ਸਥਿਤ ਸਾਲਟੋ ਏਂਜਿਲ ਹੈ। ਇਹ ਕੋਰਿਨੋ ਨਦੀ ਦੀ ਸਹਾਇਕ ਕਿਰਾਉ ਨਦੀ ਤੇ ਸਥਿਤ ਹੈ। ਉਸਦੀ ਉਚਾਈ 979 ਮੀਟਰ ਹੈ ਜਿਸ ਵਿੱਚ ਇਕ ਸਭ ਤੋਂ ਲੰਮੀ ਧਾਰਾ ਦੀ ਉਚਾਈ 807 ਮੀਟਰ ਹੈ।

ਸਾਲਟੋ ਏਂਜਿਲ ਝਰਨੇ ਦਾ ਨਾਮਕਰਨ ਅਮਰੀਕੀ ਹਵਾਈ ਜਹਾਜ ਚਾਲਕ ਜਿੰਮੀ ਏਂਜਿਲਸ ਦੇ ਨਾਮ ਤੇ ਹੋਇਆ ਸੀ, ਜਿਸ ਨੇ ਇਹਨੂੰ ਆਪਣੇ ਜਹਾਜ ਦੇ ਰੋਜਾਨਾ-ਰੋਟੀਨ ਵਿੱਚ ਨਵੰਬਰ 1933 ਨੂੰ ਦਰਜ਼ ਕੀਤਾ ਸੀ। ਉਹ ਝਰਨੇ ਜਿਨ੍ਹਾਂ ਨੂੰ ਇੰਡੀਅਨ ਚੇਰੂ ਨਮੇਰੂ ਨਾਂ ਨਾਲ ਜਾਣਦੇ ਸਨ, ਉਸਦੀ ਵੀ ਸੂਚਨਾ 1910 ਵਿੱਚ ਏਰਨੇਸਟੋ ਸਾਲਵੇਜ ਲਾ ਕਰੂਜ ਨੇ ਦਿੱਤੀ ਸੀ।

ਜਿਥੋਂ ਤਕ ਸਭ ਤੋਂ ਵੱਡੇ ਝਰਨੇ ਦਾ ਸਵਾਲ ਹੈ, ਸਾਲਭਰ ਵਹਿਣ ਵਾਲੇ ਪਾਣੀ ਦੇ ਔਸਤ ਦੇ ਆਧਾਰ ਤੇ ਵਿਸ਼ਵ ਦਾ ਸਭ ਤੋਂ ਵੱਡਾ ਝਰਨਾ ਬਾਯਸਾ ਝਰਨਾ ਹੈ। ਇਹ ਜਾਯਰੇ ਵਿੱਚ ਸਥਿਤ ਹੈ। ਇਸਦਾ ਜ਼ਿਆਦਾਤਰ ਜਲ ਪ੍ਰਵਾਹ 17000 ਘਣਮੀਟਰ ਪ੍ਰਤੀ ਸੈਕਿੰਡ ਹੈ।

ਇਸੇ ਤਰ੍ਹਾਂ ਵਿਸ਼ਵ ਦਾ ਸਭ ਤੋਂ ਚੌੜਾ ਝਰਨਾ ਲਾਓਸ ਦਾ ਖੋਨੇਫਾਲਸ ਹੈ। ਇਸਦੀ ਚੌੜਾਈ 10.8 ਮੀਟਰ ਅਤੇ ਪ੍ਰਵਾਹ 42500 ਘਣਮੀਟਰ ਪ੍ਰਤੀ ਸੈਕਿੰਡ ਹੈ।

ਨਿਊਯਾਰਕ ਤੋਂ 25 ਕਿਲੋਮੀਟਰ ਦੂਰ ਉਤਰ-ਪੱਛਮ ਵਿੱਚ ਸਥਿਤ ਨਿਆਗਰਾ ਝਰਨਾ ਵਿਸ਼ਵ ਪ੍ਰਸਿੱਧ ਹੈ। ਦੋ ਹਿੱਸਿਆ ਵਿੱਚ ਵੰਡੇ ਇਸ ਝਰਨੇ ਦਾ ਇਕ ਹਿੱਸਾ ਅਮਰੀਕਾ ਵਿੱਚ ਹੈ ਅਤੇ ਦੂਸਰਾ ਕਨਾਡਾ ਵਿੱਚ। ਅੰਤਰਰਾਸ਼ਟਰੀ ਸੀਮਾ ਰੇਖਾ ਦਾ ਫੈਸਲਾ ਵੀ ਇਹੀ ਕਰਦਾ ਹੈ। ਕੈਲੇਫੋਰੀਆਂ ਦਾ ਰਿਬਨ ਝਰਨਾ ਇਕ ਹੀ ਧਾਰਾ ਵਿੱਚ ਡਿਗਣ ਵਾਲਾ ਸਭ ਤੋਂ ਉੱਚਾ ਝਰਨਾ ਹੈ। ਇਸਦੀ ਪਤਲੀ ਧਾਰਾ 1600 ਫੁੱਟ ਦੀ ਉਚਾਈ ਤੋਂ ਨਦੀ ਵਿੱਚ ਡਿਗਦੀ ਹੈ।

ਅਮਰੀਕਾ ਵਿੱਚ ਟੇਨੇਸੀ ਝਰਨਾ ਹੈ ਜਿਸਨੂੰ ਰੂਬੀ



ਲੈਮਬਰਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਕਾਫੀ ਗਹਿਰਾ ਹੈ। ਇਸਦੀ ਉਚਾਈ 145 ਫੁੱਟ ਦੇ ਲਗਭਗ ਹੈ।

ਦੁਨੀਆ ਦੇ ਅਨੋਖੇ ਝਰਨਿਆਂ ਵਿਚੋਂ ਇਕ ਹੈ ਰੋਮਾਨੀਆ ਦਾ ਬਿਗਰ ਵਾਟਰਫਾਲ। ਦਲਦਲ ਅਤੇ ਚਟਾਨ ਨਾਲ ਘਿਰੇ ਇਸ ਝਰਨੇ ਦੀ ਜਗ੍ਹਾ ਅਤੇ ਆਕਾਰ ਵੇਖਦੇ ਹੀ ਬਣਦਾ ਹੈ।

ਆਈਸਲੈਂਡ ਵਿੱਚ ਫਾਗ ਵਾਟਰਫਾਲ ਵੀ ਕਾਫੀ ਸੁੰਦਰ ਦ੍ਰਿਸ਼ ਬਣਾਉਂਦਾ ਹੈ। ਚਟਾਂਨਾਂ ਦੇ ਵਿੱਚ ਵਹਿਣ ਵਾਲੇ ਇਸ ਝਰਨੇ ਦੇ ਦ੍ਰਿਸ਼ ਕਾਫੀ ਬੇਮਿਸਾਲ ਹਨ।

ਕੈਲੇਫੋਰਨੀਆ ਦੇ ਹਾਰਸਟੇਲ ਫਾਗ ਰੰਗ ਬਦਲਦਾ ਹੈ। ਜੀ ਹਾਂ, 1500 ਫੁੱਟ ਤੋਂ ਜ਼ਿਆਦਾ ਉਚਾਈ ਤੋਂ ਡਿਗਣ ਵਾਲੇ ਇਸ ਝਰਨੇ ਵਿੱਚ ਫਰਵਰੀ ਦੇ ਅੰਤ ਵਿੱਚ ਰਾਤ ਹੁੰਦੇ ਹੀ ਇਹ ਲਾਲ ਰੰਗ ਦਾ ਹੋ ਜਾਂਦਾ ਹੈ।

ਕਨਾਡਾ ਦਾ ਕੈਮਰਾਨ ਫਾਲ ਵੀ ਮੌਸਮ ਦੇ ਅਨੁਸਾਰ ਰੰਗ ਬਦਲਦਾ ਹੈ। ਅਲਬਰਟਾ ਵਿੱਚ ਸਥਿਤ ਇਸ ਝਰਨੇ ਦਾ ਰੰਗ ਜੂਨ ਵਿੱਚ ਗੁਲਾਬੀ ਹੋ ਜਾਂਦਾ ਹੈ।

ਤੁਰਕੀ ਦਾ ਪਾਮੁਕਕੇਲ ਵਾਟਰਫਾਲ 525 ਫੁੱਟ ਉੱਚਾ ਹੈ। ਇਹਨੂੰ ਰੂਈਂ ਦਾ ਮਹਿਲ ਵੀ ਕਿਹਾ ਜਾਂਦਾ ਹੈ। ਇਹ ਵੀ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ।

ਅੰਟਾਕਰਟਿਕਾ ਦਾ ਬਲਡਫਾਲ ਵਿੱਚ ਵਹਿੰਦਾ ਤਾਂ ਪਾਣੀ ਹੀ ਹੈ ਲੇਕਿਨ ਉਸਦਾ ਰੰਗ ਖ਼ੂਨ ਦੀ ਤਰ੍ਹਾਂ ਲਾਲ ਹੁੰਦਾ ਹੈ। ਇਹ ਡਰਾਈ ਬੇਲੀ ਵਿੱਚ ਸਥਿਤ ਹੈ।

ਆਸਟ੍ਰੇਲੀਆ ਦਾ ਹਾਰੀਜੋਨਟਲ ਫਾਲਸ ਪਹਾੜਾਂ ਦੇ ਵਿੱਚ ਸਥਿਤ ਹੈ। ਪਹਾੜਾਂ ਦੇ ਵਿੱਚ ਬਣੇ ਇਸ ਝਰਨੇ ਦਾ ਬਹਾਵ ਕਾਫੀ ਤੇਜ਼ ਹੈ।

ਭਾਰਤ ਦਾ ਜਰਸੋਪਾ ਝਰਨਾ ਏਸ਼ੀਆ ਦਾ ਸਭ ਤੋਂ ਲੰਮਾ ਝਰਨਾ ਹੈ।

ਭਾਰਤ ਦੇ ਜ਼ਿਆਦਾਤਰ ਝਰਨੇ ਦੱਖਣ ਭਾਰਤ ਵਿੱਚ ਪਾਏ ਜਾਂਦੇ ਹਨ। ਇਹਨਾਂ ਵਿਚੋਂ ਕੁਝ ਤਾਂ 9-10 ਮੀਟਰ ਉਚੇ ਹਨ। ਮਹਾਂਰਾਸ਼ਟਰ ਅਤੇ ਕਰਨਾਟਕ ਦੀ ਸੀਮਾਂ ਤੇ ਸ਼ਰਾਬਤੀ ਨਦੀ ਤੇ ਜੋਗ ਝਰਨਾ ਹੈ, ਜੋ ਚਾਰ ਛੋਟੇ ਝਰਨਿਆਂ ਨਾਲ ਮਿਲ ਕੇ ਬਣਿਆ ਹੈ। ਇਸਦਾ ਜਲ 250 ਮੀਟਰ ਦੀ ਉਚਾਈ ਤੋਂ ਡਿਗ ਕੇ ਬੜਾ ਸੁੰਦਰ ਦ੍ਰਿਸ਼ ਬਣਾਉਂਦਾ ਹੈ।

ਸ਼ਿਵਾਸਮੁਦਰਮ ਝਰਨਾ ਕਾਵੇਰੀ ਨਦੀ ਤੇ ਹੈ ਜੋ 100 ਮੀਟਰ ਦੀ ਉਚਾਈ ਤੋਂ ਪਾਣੀ ਗਿਰਾਉਂਦਾ ਹੈ। ਇਸ ਤਰ੍ਹਾਂ ਨੀਲਗਿਰੀ ਦੀਆਂ ਪਹਾੜੀਆਂ ਵਿੱਚ ਪਾਏਕਾਰਾ ਝਰਨੇ ਦਾ ਵੀ ਵਰਨਣ ਹੈ। ਇਹਨਾਂ ਦੋਹਾਂ ਝਰਨਿਆਂ ਦਾ ਇਸਤੇਮਾਲ ਜਲ ਬਿਜਲੀ-ਸ਼ਕਤੀ ਦੇ ਲਈ ਕੀਤਾ ਜਾਂਦਾ ਹੈ। ਬੇਲਗਾਮੀ ਜ਼ਿਲੇ ਵਿੱਚ ਗੋਕਕ ਨਦੀ ਤੇ ਗੋਕਕ ਝਰਨਾ 54 ਮੀਟਰ ਉੱਚਾ ਅਤੇ ਮਹਾਂਬਲੇਸ਼ਵਰ ਦੇ ਨੇੜੇ ਯੇਨਾ ਝਰਨਾ 183 ਮੀਟਰ ਉਚਾ ਹੈ।

ਦੱਖਣ ਟੌਂਸ ਨਦੀ ਵਿੰਧਿਆਚਲ ਦੇ ਪਠਾਰ ਨੂੰ ਪਾਰ ਕਰਕੇ ਨਿਕਲਦੀ ਹੈ, ਜੋ ਕਈ ਝਰਨੇ ਬਣਾਉਂਦੀ ਹੈ ਜਿਸ ਵਿੱਚ ਮੁਖ ਬਿਹਾਰ ਝਰਨਾ ਹੈ ਜੋ ਹੜ ਦੇ ਸਮੇਂ 180 ਮੀਟਰ ਚੌੜਾ ਅਤੇ 131 ਮੀਟਰ ਉੱਚਾ ਹੋ ਜਾਂਦਾ ਹੈ।


ਚੰਬਲ ਨਦੀ ਵਿੱਚ ਅਨੇਕਾਂ ਝਰਨੇ ਮਿਲਦੇ ਹਨ। ਕੋਟਾ ਦੇ ਨੇੜੇ ਚੂਲੀਆ ਝਰਨਾ 18 ਮੀਟਰ ਉੱਚਾ ਹੈ।

ਨਰਮਦਾ ਨਦੀ ਦੇ ਜਬਲਪੁਰ ਦੇ ਨੇੜੇ ਧੂੰਆਧਾਰ ਝਰਨਾ ਹਾਲਾਂਕਿ ਮਾਤਰ 9 ਮੀਟਰ ਉਚਾ ਹੈ ਲੇਕਿਨ ਬੜਾ ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ।



# ਦਾਦਾ ਜੀ


ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਉਹ ਪਿੰਡ ਦੇ ਮੁਖੀਆ ਦੇ ਘਰ ਗਿਆ ਅਤੇ ਥੈਲੀ ਗਵਾਚਣ ਦੇ ਬਾਰੇ ਵਿੱਚ ਦੱਸਿਆ। ਮੁਖੀਆ ਇਮਾਨਦਾਰ ਅਤੇ ਦਿਆਲੂ ਸੀ।
ਉਹ ਥੈਲੀ ਅਚਾਨਕ ਹੀ ਮੁਖੀਆ ਦੀ ਬੇਟੀ ਨੂੰ ਮਿਲ ਗਈ ਸੀ।
ਮੁਖੀਆ ਨੇ ਥੈਲੀ ਖੋਲ੍ਹ ਕੇ ਸਿੱਕੇ ਗਿਣੇ ਤਾਂ ਉਸ ਵਿੱਚ ਤੀਹ ਸਿੱਕੇ ਸਨ।
ਮੁਖੀਆ ਨੇ ਉਹ ਥੈਲੀ ਵਿਉਪਾਰੀ ਨੂੰ ਸੌਂਪ ਦਿੱਤੀ। ਵਿਉਪਾਰੀ ਨੇ ਥੈਲੀ ਖੋਲ੍ਹੀ ਅਤੇ ਸਿੱਕੇ ਗਿਣਨ ਲੱਗਾ।


ਵਿਉਪਾਰੀ ਦੇ ਮਨ ਵਿੱਚ ਲਾਲਚ ਆ ਗਿਆ ਸੀ। ਇਸ ਲਈ ਉਸਨੇ ਦਸ ਸਿੱਕੇ ਗਾਇਬ ਹੋਣ ਦੀ ਗੱਲ ਕਹੀ।
ਮੁਖੀਆ ਨੇ ਉਸ ਨੂੰ ਬਹੁਤ ਸਮਝਾਇਆ ਪਰ ਉਹ ਥੈਲੀ ਨੂੰ ਉਥੇ ਛੱਡ ਕੇ ਸਿੱਧਾ ਅਦਾਲਤ ਚਲਾ ਗਿਆ।
ਉਸ ਨੇ ਸਾਰੀ ਗੱਲ ਜੱਜ ਨੂੰ ਦੱਸੀ। ਜੱਜ ਨੇ ਮੁਖੀਆ ਅਤੇ ਉਸ ਦੀ ਬੇਟੀ ਨੂੰ ਬੁਲਾਇਆ ਅਤੇ ਪੁੱਛਿਆ- ਥੈਲੀ ਵਿੱਚ ਕਿੰਨੇ ਸਿੱਕੇ ਸਨ।
ਤੂੰ ਕਿੰਨੇ ਸਿੱਕੇ ਗਵਾਏ?
ਤੀਹ
ਚਾਲੀ


ਤਾਂ ਇਸਦਾ ਮਤਲਬ ਇਹ ਹੈ ਕਿ ਇਹ ਥੈਲੀ ਤੁਹਾਡੀ ਨਹੀਂ ਹੈ। ਇਹ ਥੈਲੀ ਇਸ ਲੜਕੀ ਕੋਲ ਰਹੇਗੀ ਜਦ ਤਕ ਇਸਦਾ ਅਸਲੀ ਮਾਲਿਕ ਨਾ ਮਿਲ ਜਾਏ।
ਅਗਰ ਕੋਈ ਚਾਲੀ ਸਿੱਕਿਆਂ ਦੀ ਥੈਲੀ ਆਏਗੀ ਤਾਂ ਮੈਂ ਤੁਹਾਨੂੰ ਬੁਲਵਾ ਲਵਾਂਗਾ।
ਹੁਣ ਵਿਉਪਾਰੀ ਨੂੰ ਆਪਣੇ ਝੂਠ ਤੇ ਪਛਤਾਵਾ ਹੋਣ ਲੱਗਾ ਅਤੇ ਉਹ ਚਿਲਾ ਉਠਿਆ - ਨਹੀਂ, ਨਹੀਂ ਮੇਰੇ ਤਾਂ ਤੀਹ ਸਿੱਕੇ ਹੀ ਗਵਾਚੇ ਸਨ।
ਪਰ ਜੱਜ ਨੇ ਉਸਦੀ ਇਕ ਨਾ ਸੁਣੀ ਅਤੇ ਅਦਾਲਤ ਤੋਂ ਬਾਹਰ ਕੱਢ ਦਿੱਤਾ।
ਇਸ ਤਰ੍ਹਾਂ - 'ਲਾਲਚ ਦਾ ਅੰਤ ਬੁਰਾ ਹੀ ਹੁੰਦਾ ਹੈ।'

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!






kids
Nirankari
spiritual dreamland for kids
Spiritual Zone for kids
With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.
kids.nirankari.org
His Holiness Message
Glimpse of Blessing
Message in colors
Poetry Fantasy
Wacky and True
Fun Games
Hansti Duniya
Kids Creation
Kids Activities
Jokes
Avtar Vani
Story Time
Share
your talent
in form of
painting, poetry
& story

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI -400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman---713101 Ph. 0342-2657219 |

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)